# ਸੈਕੰਡਰੀ ਪੱਧਰੀ (ਪੰਜਾਬੀ)
# ਅਧਿਆਪਨ ਸਮਗਰੀ

## SECONDARY-LEVEL (PUNJABI)
## TEACHING LEARNING MATERIAL

**2019**

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ

ਵਰੁਣ ਮਾਰਗ, ਡਿਫ਼ੈਂਸ ਕਾਲੋਨੀ, ਨਵੀਂ ਦਿੱਲੀ–110024

ਮਈ : 2019

© ਐੱਸ.ਸੀ.ਈ.ਆਰ.ਟੀ., ਦਿੱਲੀ

ਕਾਪੀਆਂ :

**ਮੁੱਖ ਸਲਾਹਕਾਰ** : ਸ੍ਰੀ ਸੰਦੀਪ ਕੁਮਾਰ
ਸਕੱਤਰ (ਸਿੱਖਿਆ), ਦਿੱਲੀ ਸਰਕਾਰ ਅਤੇ ਚੇਅਰਪਰਸਨ,
ਐੱਸ.ਸੀ.ਈ.ਆਰ.ਟੀ., ਦਿੱਲੀ

**ਸਲਾਹਕਾਰ** : ਡਾ. ਸੁਨੀਤਾ ਐਸ. ਕੌਸ਼ਿਕ (ਨਿਦੇਸ਼ਿਕਾ)
ਡਾ. ਨਾਹਰ ਸਿੰਘ (ਸੰਜੁਗਤ ਨਿਦੇਸ਼ਕ)

**ਸੰਯੋਜਿਕਾ** : ਸ੍ਰੀਮਤੀ ਰਮਨ ਅਰੋੜਾ (ਲੈਕਚਰਾਰ)

## ਲੇਖਕ ਮੰਡਲ

**ਸ੍ਰ. ਤੀਰਥ ਸਿੰਘ**
ਸਾਬਕਾ ਲੈਕਚਰਾਰ (ਪੰਜਾਬੀ)
ਸਿੱਖਿਆ ਵਿਭਾਗ ਦਿੱਲੀ

**ਸ੍ਰੀਮਤੀ ਤੇਜਿੰਦਰ ਕੌਰ**
ਲੈਕਚਰਾਰ (ਪੰਜਾਬੀ)
ਰਾ. ਕੰ. ੳ. ਮਾ. ਵਿਦਿਆਲਾ।
ਰਾਣੀ ਗਾਰਡਨ, ਦਿੱਲੀ-31

**ਸ੍ਰ. ਪ੍ਰਕਾਸ਼ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ,
ਲੋਨੀ ਰੋਡ, ਸ਼ਾਹਦਰਾ, ਦਿੱਲੀ

**ਸ੍ਰੀਮਤੀ ਜਸਮੀਤ ਕੌਰ**
ਲੈਕਚਰਾਰ (ਪੰਜਾਬੀ)
ਐੱਸ.ਕੇ.ਵੀ. ਸਰਾਇ ਰੋਹਿਲਾ,
ਦਿੱਲੀ-35

**ਸ੍ਰੀਮਤੀ ਅਰਵਿੰਦਰ ਕੌਰ**
ਟੀ.ਜੀ.ਟੀ. (ਪੰਜਾਬੀ)
ਸਰਵੋਦਿਆ ਵਿਦਿਆਲਾ,
ਨਵੀਂ ਪੁਲਿਸ ਲਾਇਨਜ਼, ਦਿੱਲੀ-9

**ਸ੍ਰੀਮਤੀ ਬਲਵਿੰਦਰ ਕੌਰ ਖੁਰਾਣਾ**
ਲੈਚਕਰਾਰ (ਪੰਜਾਬੀ)
ਐੱਸ.ਕੇ.ਵੀ. ਨੰਬਰ-2,
ਖਿਆਲਾ, ਨਵੀਂ ਦਿੱਲੀ

**ਸ੍ਰ. ਸੁਰਿੰਦਰਪਾਲ ਸਿੰਘ**
ਮੁਖੀ,
ਖਾਲਸਾ ਮਿਡਲ ਸਕੂਲ,
ਸਰੋਜਨੀ ਨਗਰ, ਨਵੀਂ ਦਿੱਲੀ

**ਡਾ. ਇੰਦਰਪ੍ਰੀਤ ਕੌਰ**
ਲੈਕਚਰਾਰ (ਪੰਜਾਬੀ)
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ,
ਤਿਲਕ ਨਗਰ, ਨਵੀਂ ਦਿੱਲੀ-18

**ਸ੍ਰੀਮਤੀ ਸਰਨਜੀਤ ਕੌਰ**
ਲੈਕਚਰਾਰ (ਪੰਜਾਬੀ)
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਬੁਆਇਜ਼
ਸੀਨੀਅਰ ਸੈਕੰਡਰੀ ਸਕੂਲ,
ਦੇਵ ਨਗਰ, ਨਵੀਂ ਦਿੱਲੀ-5

**ਸ੍ਰੀਮਤੀ ਰਾਸ਼ੀ**
ਟੀ.ਜੀ.ਟੀ. (ਪੰਜਾਬੀ)
ਐਸ.ਐਸ.ਕੇ. ਖਾਲਸਾ ਗਰਲਜ਼
ਦਰਿਆ ਗੰਜ, ਨਵੀਂ ਦਿੱਲੀ

**ਛਾਪਕ ਅਧਿਕਾਰੀ :** ਡਾ. ਮੁਕੇਸ਼ ਯਾਦਵ

**ਛਾਪਕ :** ਗ੍ਰਾਫ਼ਿਕ ਪ੍ਰਿੰਟਰਸ

# ਤਤਕਰਾ


| | | | |
|---|---|---|---|
| | ਦੋ ਸ਼ਬਦ | ਸੁਨੀਤਾ ਐੱਸ. ਕੌਸ਼ਿਕ | 5 |
| | ਭੂਮਿਕਾ | ਸ੍ਰੀਮਤੀ ਰਮਨ ਅਰੋੜਾ | 6 |
| 1. | ਪਾਠ-ਕ੍ਰਮ ਅਤੇ ਅੰਕ ਤਾਲਿਕਾ | | 7 |
| 2. | ਆਂਤਰਿਕ ਮੁਲਾਂਕਣ | | 13 |
| 3. | ਵਿਆਕਰਨ | | 15 |
| 4. | ਪੜ੍ਹਨ ਕੌਸ਼ਲ<br>(ਅਣਡਿੱਠਾ ਪੈਰਾ ਅਤੇ ਅਣਡਿੱਠੀ ਕਾਵਿ ਟੁਕੜੀ) | | 33 |
| 5. | ਲਿਖਣ ਕੌਸ਼ਲ<br>(ਲੇਖ, ਪੱਤਰ, ਇਸ਼ਤਿਹਾਰ, ਤਸਵੀਰ) | | 37 |
| 6. | ਵਾਰਤਕ ਅਧਿਆਪਨ | | 44 |
| 7. | ਕਹਾਣੀ ਅਤੇ ਇਕਾਂਗੀ | | 47 |
| 8. | ਕਵਿਤਾ ਅਧਿਆਪਨ | | 51 |
| 9. | ਪਾਠ-ਪੁਸਤਕ ਅਧਾਰਿਤ ਬਹੁ-ਵਿਕਲਪੀ ਪ੍ਰਸ਼ਨ ਅਤੇ<br>ਇਕ ਸ਼ਬਦ/ਵਾਕ ਵਾਲੇ ਪ੍ਰਸ਼ਨ | | 56 |

# THE
# CONSTITUTION OF INDIA

**THE PEOPLE OF INDIA**, having solemnly resolved to constitute India into a **SOVEREIGN DEMOCRATIC REPUBLIC** and to secure to all its citizens:

**JUSTICE**, social, economic and political;

**LIBERTY** of thought,, expression, belief, faith and worship;

**EQUALITY** of status and of opportunity;

and to promote among them all

**FRATERNITY** assuring the dignity of the individual and the unity of the Nation:

**IN OUR CONSTITUENT ASSEMBLY** this twenty-sixth day of November, 1949, do **HEREBY ADOPT, ENACT AND GIVE TO OURSELVES THIS CONSTITUTION.**

# ਦੋ ਸ਼ਬਦ

ਭਾਸ਼ਾ ਮਨੁੱਖੀ ਜੀਵਨ ਦਾ ਇੱਕ ਅਭਿੰਨ ਅੰਗ ਹੈ। ਇਹ ਆਪਣੇ ਮਨੋ-ਭਾਵਾਂ ਅਤੇ ਵਿਚਾਰਾਂ ਨੂੰ ਸੰਚਾਰਿਤ ਕਰਨ ਦਾ ਸਭ ਤੋਂ ਵਧੀਆ ਸਾਧਨ ਹੈ। ਬੱਚੇ ਦੇ ਸਰਬ-ਪੱਖੀ ਵਿਕਾਸ ਵਿੱਚ ਭਾਸ਼ਾ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ ਅਤੇ ਸਿੱਖਿਆ ਦਾ ਮਾਧਿਅਮ ਭਾਸ਼ਾ ਤੋਂ ਬਿਨਾਂ ਸੰਭਵ ਹੀ ਨਹੀਂ ਹੈ।

ਅਧਿਆਪਕਾਂ ਦੇ ਗਿਆਨ ਵਿੱਚ ਵਾਧਾ ਕਰਨ, ਉਹਨਾਂ ਦੇ ਮਿਆਰ ਅਤੇ ਗੁਣਵਤਾ ਨੂੰ ਉੱਚਾ ਚੁੱਕਣ, ਪਾਠ-ਕ੍ਰਮ ਵਿੱਚ ਆਈਆਂ ਤਬਦੀਲੀਆਂ ਤੋਂ ਜਾਣੂ ਕਰਵਾਉਣ ਲਈ ਅਤੇ ਨਵੀਆਂ ਪਿਰਤਾਂ ਅਤੇ ਤਕਨੀਕਾਂ ਨਾਲ ਜੋੜਨ ਲਈ ਇਸ ਸਾਲ ਜੂਨ 2019 ਵਿੱਚ ਟੀ.ਜੀ.ਟੀ. ਪੰਜਾਬੀ ਅਧਿਆਪਕਾਂ ਲਈ ਇੱਕ ਸਿਖਲਾਈ ਪ੍ਰੋਗਰਾਮ ਰੱਖਣ ਦਾ ਫੈਸਲਾ ਕੀਤਾ ਗਿਆ। ਇਸੇ ਉਦੇਸ਼ ਦੇ ਅੰਤਰਗਤ ਸਹਾਇਕ ਸਮਗਰੀ ਤਿਆਰ ਕਰਵਾਉਣ ਦੀ ਜ਼ਿੰਮੇਵਾਰੀ ਸ੍ਰੀਮਤੀ ਰਮਨ ਅਰੋੜਾ (ਲੈਕਚਰਾਰ, ਐੱਸ.ਸੀ.ਈ.ਆਰ.ਟੀ.) ਨੂੰ ਸੌਂਪੀ ਗਈ। ਇਸ ਦੇ ਸਿੱਟੇ ਵਜੋਂ ਇਹ ਸਹਾਇਕ ਸਮਗਰੀ ਪੁਸਤਕ ਛਪ ਕੇ ਅਧਿਆਪਕਾਂ ਤੱਕ ਪਹੁੰਚ ਗਈ ਹੈ।

ਉਮੀਦ ਕਰਦੀ ਹਾਂ ਕਿ ਇਹ ਅਧਿਆਪਕਾਂ ਲਈ ਲਾਹੇਵੰਦ ਸਾਬਤ ਹੋਵੇਗੀ। ਐੱਸ.ਸੀ.ਈ.ਆਰ.ਟੀ. ਅਧਿਆਪਕਾਂ ਵੱਲੋਂ ਆਏ ਵਡਮੁੱਲੇ ਸੁਝਾਵਾਂ ਦਾ ਸੁਆਗਤ ਕਰਦੀ ਹੈ।

**ਸੁਨੀਤਾ ਐਸ. ਕੌਸ਼ਿਕ**
ਡਾਇਰੈਕਟਰ
ਐੱਸ.ਸੀ.ਈ.ਆਰ.ਟੀ., ਦਿੱਲੀ

# ਭੂਮਿਕਾ

ਗੁਰਬਾਣੀ ਵਿਚ ਕਿਹਾ ਗਿਆ ਹੈ–"ਵਿਦਿਆ ਵੀਚਾਰੀ ਤਾ ਪਰਉਪਕਾਰੀ"। ਗੱਲ ਜਦੋਂ ਵਿੱਦਿਆ ਦੀ ਹੁੰਦੀ ਹੈ ਤਾਂ ਭਾਸ਼ਾ ਦਾ ਜ਼ਿਕਰ ਆਉਣਾ ਲਾਜ਼ਮੀ ਹੈ। ਭਾਸ਼ਾ ਮਨੁੱਖੀ ਜੀਵਨ ਦੀ ਤਰੱਕੀ ਦੀ ਜਿੰਦ–ਜਾਨ ਹੁੰਦੀ ਹੈ। ਭਾਸ਼ਾ ਦੇ ਸਹਾਰੇ ਹੀ ਮਨੁੱਖ ਤਰੱਕੀ ਕਰਦਾ ਹੋਇਆ ਆਪਣੀ ਮੰਜ਼ਿਲ ਤੱਕ ਪਹੁੰਚਦਾ ਹੈ। ਭਾਸ਼ਾ ਸਾਰੇ ਪ੍ਰਬੰਧਾਂ ਦਾ ਸਿਖਰ ਹੈ। ਸਾਰਾ ਗਿਆਨ ਭਾਸ਼ਾ ਰਾਹੀਂ ਹੀ ਸੰਚਾਰਿਤ ਹੁੰਦਾ ਹੈ।

ਪੰਜਾਬੀ ਭਾਸ਼ਾ ਦੇ ਅਧਿਆਪਕਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਡਾ. ਸੁਨੀਤਾ ਕੌਸ਼ਿਕ ਜੀ (ਨਿਦੇਸ਼ਿਕਾ, ਐੱਸ.ਸੀ.ਈ.ਆਰ.ਟੀ.) ਦੇ ਨਿਰਦੇਸ਼ ਅਨੁਸਾਰ ਇੱਕ ਚਾਰ ਰੋਜ਼ਾ ਕਾਰਜਸ਼ਾਲਾ ਦਾ ਆਯੋਜਨ ਕਰਕੇ ਨਵੇਂ ਪਾਠ–ਕ੍ਰਮ ਅਤੇ ਤਕਨੀਕਾਂ ਦੇ ਅਨੁਸਾਰ ਵੱਖ–ਵੱਖ ਪੰਜਾਬੀ ਅਧਿਆਪਕਾਂ ਅਤੇ ਵਿਦਵਾਨਾਂ ਪਾਸੋਂ ਪਾਠ-ਸਮਗਰੀ ਤਿਆਰ ਕਰਵਾਈ ਗਈ ਤਾਂ ਜੋ ਪੰਜਾਬੀ ਅਧਿਆਪਕ ਸੈਕੰਡਰੀ ਪੱਧਰ ਦੀਆਂ ਜਮਾਤਾਂ ਨੂੰ ਵਧੇਰੇ ਰੌਚਕ ਤਰੀਕੇ ਨਾਲ ਪੜ੍ਹਾ ਸਕਣ ਅਤੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜ ਸਕਣ।

ਇਸ ਕਾਰਜ ਨਾਲ ਜੁੜੇ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਅਤੇ ਵਿਦਵਾਨਾਂ ਦੀ ਮੈਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

**ਸ੍ਰੀਮਤੀ ਰਮਨ ਅਰੋੜਾ**
ਲੈਕਚਰਾਰ
ਐੱਸ.ਸੀ.ਈ.ਆਰ.ਟੀ., ਦਿੱਲੀ

# ਪਾਠ-ਕ੍ਰਮ ਅਤੇ ਅੰਕ ਤਾਲਿਕਾ

## PUNJABI

(2019-20)

Code No. 004

Class IX-X

| | | |
|---|---|---|
| **One Paper** | **3 Hrs.** | **MM 80** |
| ਇੱਕ ਪੇਪਰ | 3 ਘੰਟੇ | ਅੰਕ 80 |

ਪੰਜਾਬੀ ਭਾਸ਼ਾ ਸਿੱਖਣ ਦੇ ਉਦੇਸ਼

ਪੰਜਾਬੀ ਭਾਸ਼ਾ ਦੇ ਗਿਆਨ ਨੂੰ ਸਮਝ ਕੇ ਉਸਦੀ ਢੁੱਕਵੀਂ ਵਰਤੋਂ ਦੇ ਯੋਗ ਬਣਾਉਣਾ ਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ-ਕਵਿਤਾ, ਨਾਟਕ, ਨਾਵਲ, ਕਹਾਣੀ ਅਤੇ ਵਾਰਤਕ ਤੋਂ ਜਾਣੂ ਕਰਾਉਣਾ ਤਾਂ ਕਿ ਵਿਦਿਆਰਥੀ ਭਾਸ਼ਾ ਦੇ ਵੱਖ-ਵੱਖ ਕੌਸ਼ਲਾਂ ਵਿੱਚ ਨਿਪੁੰਨ ਹੋ ਕੇ ਆਪਣੀ ਬਹੁਪੱਖੀ ਪ੍ਰਤਿਭਾ ਦਾ ਵਿਕਾਸ ਕਰ ਸਕਣ। ਭਾਸ਼ਾ ਦਾ ਮੂਲ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤਕ ਵਿਰਸੇ ਨਾਲ ਜੋੜਨਾ ਹੈ।

**1. ਸਲਾਨਾ ਲਿਖਤੀ ਪਰੀਖਿਆ**

**(Annual Exam.-80)**

| **ਇਕਾਈ/ਸਿੱਖਣ ਦਾ ਖੇਤਰ** | **ਅੰਕ** | **ਪੀਰੀਅਡ** |
|---|---|---|
| **ਭਾਸ਼ਾ** | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 15 | 20 |
| (ਅ) ਵਿਆਕਰਨ | 20 | 35 |
| (ੲ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 25 | 40 |
| ਸਾਹਿਤ (ਪਾਠ ਪੁਸਤਕਾਂ 'ਤੇ ਅਧਾਰਿਤ) | 20 | 55 |

**2. ਆਂਤਰਿਕ ਮੁਲਾਂਕਣ**

**(Internal Assesment - 20)**

| | | |
|---|---|---|
| ਕਿਰਿਆਤਮਕ ਕੰਮ | | |
| (Activity/Assisgment) | 20 | 30 |

# IX (ਨੌਵੀਂ) ਪੰਜਾਬੀ-004
## (ਅਪ੍ਰੈਲ 2019 ਤੋਂ ਮਾਰਚ 2020)
## ਸਲਾਨਾ ਪਰੀਖਿਆ

ਕੁਲ ਅੰਕ 80

| | | |
|---|---|---|
| **I.** | **ਪੜ੍ਹਨ-ਕੌਸ਼ਲ (Reading Skill)** | **15** |
| 1. | ਅਣਡਿੱਠਾ ਪੈਰਾ (ਵਾਰਤਕ) 200-250 ਸ਼ਬਦਾਂ ਵਿੱਚ<br>ਚਾਰ ਛੋਟੇ ਪ੍ਰਸ਼ਨ (2+2+2+2+) + 1 ਅੰਕ ਸਿਰਲੇਖ ਲਈ | 9 |
| 2. | ਅਣਡਿੱਠੀ ਕਾਵਿ ਟੁਕੜੀ ਨਾਲ ਸੰਬੰਧਿਤ (ਤਿੰਨ ਪ੍ਰਸ਼ਨ) | (3×2)=6 |
| **II.** | **ਵਿਆਕਰਨ (ਬਹੁਵਿਕਲਪੀ ਅਤੇ ਛੋਟੇ ਪ੍ਰਸ਼ਨ) (Grammer)** | **20** |
| 1. | ਵਿਰੋਧੀ ਸ਼ਬਦ (ਬਹੁਵਿਕਲਪੀ) | 1×3=3 |
| 2. | ਲਿੰਗ (ਬਹੁਵਿਕਲਪੀ) | 1×3=3 |
| 3. | ਸ਼ਬਦ ਸ਼ੁੱਧੀ (ਬਹੁਵਿਕਲਪੀ) | 1×3=3 |
| 4. | ਵਿਸਮਿਕ (ਛੋਟੇ ਪ੍ਰਸ਼ਨ) | 1×3=3 |
| 5. | ਕਿਰਿਆ (ਛੋਟੇ ਪ੍ਰਸ਼ਨ) | 1×4=4 |
| 6. | ਮੁਹਾਵਰੇ (ੳ ਤੋਂ ਹ ਤੱਕ) (ਛੋਟੇ ਪ੍ਰਸ਼ਨ) | 1×4=4 |
| **III.** | **ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Writing Skill)** | **25** |
| 1. | ਲੇਖ-ਰਚਨਾ (ਵਿਚਾਰ ਪ੍ਰਧਾਨ ਅਤੇ ਆਮ ਵਿਸ਼ੇ) 200 ਸ਼ਬਦ<br>(ਤਿੰਨ ਲੇਖ ਚੋਣ ਅਧਾਰਿਤ-ਨੁਕਤਿਆਂ ਸਹਿਤ) | 10 |
| 2. | ਪੱਤਰ-ਰਚਨਾ (ਨਿੱਜੀ ਤੇ ਦਫਤਰੀ)<br>(ਦੋ ਪੱਤਰ ਚੋਣ ਅਧਾਰਿਤ-ਨੁਕਤਿਆਂ ਸਹਿਤ) | 08 |
| 3. | ਚਿੱਤਰ (ਫੋਟੋ)/ਤਸਵੀਰ (ਦ੍ਰਿਸ਼) ਦੇ ਆਧਾਰ ਤੇ ਵਰਨਣ (80 ਸ਼ਬਦਾਂ ਵਿੱਚ) | 07 |
| **IV.** | **ਪਾਠ-ਪੁਸਤਕਾਂ ਤੇ ਅਧਾਰਿਤ (Text Books)** | **20** |
| 1. | ਅਤਿ ਛੋਟੇ ਪ੍ਰਸ਼ਨ (1 ਅੰਕ ਵਾਲੇ) | |
| | (ੳ) ਕਹਾਣੀ ਤੇ ਵਾਰਤਕ ਵਿੱਚੋਂ (ਬਹੁ-ਵਿਕਲਪੀ) | 4 |
| | (ਅ) ਕਵਿਤਾ ਤੇ ਇਕਾਂਗੀ ਵਿੱਚੋਂ (ਇੱਕ ਸ਼ਬਦ ਵਾਲੇ) | 4 |
| 2. | ਛੋਟੇ ਪ੍ਰਸ਼ਨ-ਉੱਤਰ 2 ਅੰਕ ਵਾਲੇ (25 ਤੋਂ 30 ਸ਼ਬਦਾਂ ਵਿੱਚ) (ਕਹਾਣੀ ਤੇ ਜੀਵਨੀ ਵਿੱਚੋਂ) | (3×2)=6 |
| 3. | ਵੱਡੇ ਉੱਤਰਾਂ ਵਾਲੇ ਪ੍ਰਸ਼ਨ (50 ਤੋਂ 60 ਸ਼ਬਦਾਂ ਵਿੱਚ)<br>(ਕਵਿਤਾ, ਵਾਰਤਕ ਵਿੱਚੋਂ) (ਚੋਣ ਅਧਾਰਿਤ) | (1×3)=3 |
| 4. | ਇਕਾਂਗੀ 'ਚੋ (50 ਤੋਂ 60 ਸ਼ਬਦਾਂ ਵਿੱਚ) (ਚੋਣ ਅਧਾਰਿਤ) | (1×3)=3 |

## ਨਿਰਧਾਰਿਤ ਪਾਠ-ਪੁਸਤਕਾਂ

### 1. ਸਾਹਿਤਕ ਕਿਰਨਾਂ-1

ਕਾਵਿ-ਰਚਨਾਵਾਂ :
1. ਫਰੀਦਾ ਜੇ ਤੂ ਅਕਲਿ ਲਤੀਫੁ (ਸ਼ੇਖ ਫ਼ਰੀਦ)
2. ਸਿੰਮਲ ਰੁਖੁ ਸਰਾਇਰਾ (ਗੁਰੂ ਨਾਨਕ ਦੇਵ ਜੀ)
3. ਸਮਾਂ (ਭਾਈ ਵੀਰ ਸਿੰਘ)
4. ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ (ਫੀਰੋਜ਼ਦੀਨ ਸ਼ਰਫ਼)
5. ਰੁੱਖ (ਸ਼ਿਵ ਕੁਮਾਰ ਬਟਾਲਵੀ)

ਵਾਰਤਕ :
1. ਕਬੱਡੀ (ਪ੍ਰਿੰ. ਸਰਵਣ ਸਿੰਘ)
2. ਗੱਪਬਾਜ਼ (ਪਿਆਰਾ ਸਿੰਘ ਦਾਤਾ)
3. ਸਵੈ-ਰੱਖਿਆ (ਸਾਧੂ ਸਿੰਘ ਆਂਚਲ)
4. ਪੰਜਾਬੀ ਵਿਰਸਾ (ਹਰਕੇਸ਼ ਸਿੰਘ ਕਹਿਲ)

### 2. ਸਾਹਿਤਕ ਰੰਗ-1

ਕਹਾਣੀਆਂ :
1. ਇੱਕ ਸਧਾਰਣ ਆਦਮੀ (ਸੰਤੋਖ ਸਿੰਘ ਧੀਰ)
2. ਪ੍ਰਦੇਸ਼ ਨਾ ਤੂੰ ਤੋਰੀਂ ਬਾਬਲਾ (ਬੰਤ ਸਿੰਘ ਚੱਠਾ)
3. ਦੁੱਧ ਤੇ ਪੁੱਤ (ਬਚਿੰਤ ਕੌਰ)

ਇਕਾਂਗੀ : ਕਿਰਤ ਦਾ ਸਤਿਕਾਰ (ਡਾ. ਹਰਚਰਨ ਸਿੰਘ)

ਜੀਵਨੀਆਂ :
1. ਕਰਤਾਰ ਸਿੰਘ ਸਰਾਭਾ (ਡਾ. ਹਰਬੰਸ ਸਿੰਘ ਚਾਵਲਾ)
2. ਪੁਲਾੜ ਦੀ ਪਰੀ-ਕਲਪਨਾ ਚਾਵਲਾ (ਸੁਨੀਲ ਕੁਮਾਰ ਬੇਦੀ)

## ਜਮਾਤ ਵਿੱਚ ਪੰਜਾਬੀ ਵਿਸ਼ੇ ਦੀਆਂ ਗਤੀਵਿਧੀਆਂ ਅਤੇ ਮੁਲਾਂਕਣ

**Guidelines for Internal Activity/Assessment**

ਪਾਠਕ੍ਰਮ ਦਾ ਉਦੇਸ਼ ਵਿਦਿਆਰਥੀਆਂ ਦੀ ਲੁਕੀ ਹੋਈ ਪ੍ਰਤਿਭਾ ਨੂੰ ਬਾਹਰ ਲਿਆਉਣਾ ਹੈ, ਇਸ ਲਈ ਬੋਰਡ ਵੱਲੋਂ ਸਲਾਨਾ ਪਰੀਖਿਆ ਦੇ ਨਾਲ-ਨਾਲ ਆਂਤਰਿਕ ਮੁਲਾਂਕਣ ਲਈ 20 ਅੰਕ ਰਾਖਵੇਂ ਰੱਖੇ ਗਏ ਹਨ। ਜਿਸ ਦੇ ਤਹਿਤ-

10 ਅੰਕ ਲਿਖਤੀ ਪਰੀਖਿਆ (ਜਮਾਤ ਟੈਸਟ)

5 ਅੰਕ ਗਤੀਵਿਧੀਆਂ (Assignment) ਜਮਾਤ ਅਤੇ ਘਰ ਦਾ ਕੰਮ,<br>ਮੁਲਾਂਕਣ ਪੱਤਰ ਤੇ ਅਧਾਰਿਤ

5 ਅੰਕ I.S (ਸੁਣਨ, ਬੋਲਣ 'ਤੇ ਅਧਾਰਿਤ)

ਇਹਨਾਂ ਗਤੀਵਿਧੀਆਂ ਦਾ ਮੁਲਾਂਕਣ ਵਿਸ਼ੇ ਨਾਲ ਸੰਬੰਧਿਤ ਅਧਿਆਪਕ ਤੇ ਸਕੂਲ ਪ੍ਰਿੰਸੀਪਲ ਵੱਲੋਂ ਨਿਰਧਾਰਿਤ ਅਧਿਆਪਕ ਦੀ ਨਿਗਰਾਨੀ ਵਿੱਚ ਪੜ੍ਹਨ ਸੰਬੰਧੀ (Comprehension), ਲਿਖਣ ਕੌਸ਼ਲ (Wrinting Skill), ਬੋਲਣ ਕੌਸ਼ਲ (Speaking Skill) ਅਨੁਸਾਰ ਕੀਤਾ ਜਾਵੇਗਾ।

### ਦਿਵਿਆਂਗ ਵਿਦਿਆਰਥੀਆਂ ਲਈ

| | |
|---|---|
| ਅਗਰ ਵਿਦਿਆਰਥੀ ਨਾ ਬੋਲ ਸਕਦਾ ਹੈ ਤੇ ਨਾ ਹੀ ਸੁਣ | ਵਿਦਿਆਰਥੀ ਦੇ ਬੋਲਣ ਤੇ ਸੁਣਨ ਕੌਸ਼ਲ ਲਈ ਉਹ ਆਪਣੇ ਮਨਪਸੰਦ ਵਿਸ਼ੇ 'ਤੇ ਕੋਈ ਵੀ ਕਹਾਣੀ ਲਿਖ ਸਕਦਾ ਹੈ। ਜਿਸ ਵਿੱਚ ਉਸਦੀ ਸਿਰਜਣਾਤਮਕ ਸਕਦਾ ਹੈ ਤੇ ਕਲਪਨਾ ਸ਼ਕਤੀ ਦਾ ਨਿਰੀਖਣ ਕੀਤਾ ਜਾ ਸਕਦਾ ਹੈ। |
| ਜਾਂ | ਸ਼ਬਦਾਂ ਦੀ ਸੀਮਾ |
| ਕੇਵਲ ਸੁਣ ਸਕਦਾ ਹੈ ਪਰ ਬੋਲ ਨਹੀਂ ਸਕਦਾ | ਨੌਵੀਂ ਜਮਾਤ ਲਈ 150-200 ਸ਼ਬਦ<br>ਦਸਵੀਂ ਜਮਾਤ ਲਈ 250-300 ਸ਼ਬਦ |
| ਜਾਂ | |
| ਕੇਵਲ ਬੋਲ ਸਕਦਾ ਹੈ ਪਰ ਸੁਣ ਨਹੀਂ ਸਕਦਾ | ਸੁਝਾਅ |

| **ਵਿਸ਼ਾ** | **ਮੁਲਾਂਕਣ ਵਿਧੀ** |
|---|---|
| 1. ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਨਿਰਧਾਰਤ ਰੂਪ ਰੇਖਾ | 1. ਸ਼ਬਦ ਭੰਡਾਰ<br>2. ਰਚਨਾਤਮਕ<br>3. ਪੇਸ਼ਕਾਰੀ |
| 2. ਪੰਜਾਬੀ ਭਾਸ਼ਾ ਨੂੰ ਬੋਲਣ ਤੇ ਲਿਖਣ ਦੀ ਕਲਾ ਨੂੰ ਨਿਖਾਰਨਾ | 1. ਭਾਸ਼ਾ ਦੀ ਸੂਝ-ਬੂਝ<br>2. ਸਵੈ-ਭਰੋਸਾ<br>3. ਹੁਨਰ ਦੀ ਪਰਖ<br>4. ਪੇਸ਼ਕਾਰੀ |
| 3. ਵਿਦਿਆਰਥੀ ਦਾ ਆਪਣੇ ਸਹਿਪਾਠੀਆਂ ਨਾਲ ਵਰਤਾਓ। ਸਥਿਤੀ ਤੇ ਨੈਤਿਕਤਾ | 1. ਪੇਸ਼ਕਾਰੀ ਦਾ ਹੁਨਰ<br>2. ਰਚਨਾਤਮਕਤਾ<br>3. ਵਿਸ਼ੇ ਨੂੰ ਗ੍ਰਹਿਣ ਕਰਨ ਦੀ ਸੂਝ<br>4. ਸ਼ਬਦਾਵਲੀ<br>5. ਵਿਅਕਤੀਗਤ ਉੱਤਮਤਾ |

| | |
|---|---|
| 4. ਸਕੂਲ ਦੇ ਰਸਾਲੇ ਲਈ ਰਚਨਾਤਮਕ ਕਾਰਜ | 1. ਭਾਸ਼ਾ-ਗਿਆਨ<br>2. ਸ਼ਬਦ ਭੰਡਾਰ<br>3. ਪ੍ਰਭਾਵਸ਼ਾਲੀ ਲਿਖਤ<br>4. ਰਚਨਾਤਮਕਤਾ |
| 5. ਵਿਦਿਆਰਥੀ ਦੇ ਗਿਆਨ ਗ੍ਰਹਿਣ ਕਰਨ ਦੇ ਸ੍ਰੋਤ। ਜਿਵੇਂ- ਪਾਠ ਪੁਸਤਕਾਂ, ਇੰਟਰਨੈਟ ਅਤੇ ਹੋਰ ਸ੍ਰੋਤ | 1. ਮੌਲਿਕਤਾ<br>2. ਰਚਨਾਤਮਕ<br>3. ਤਰਕ ਭਰਪੂਰ ਯੋਗਤਾ |
| 6. ਕਿਸੇ ਵੀ ਲਿਖਤੀ ਅੰਸ਼ ਨੂੰ ਕਾਰਟੂਨ/ਚਲਚਿੱਤਰ (ਫਿਲਮ) ਤਸਵੀਰ ਰਾਹੀਂ | 1. ਮੌਲਿਕਤਾ<br>2. ਨਿਰੰਤਰਤਾ<br>3. ਕਲਪਨਾ<br>4. ਪੇਸ਼ਕਾਰੀ (ਹਾਵ-ਭਾਵ ਰਾਹੀਂ) |
| 7. ਭਾਸ਼ਾ ਉਚਾਰਨ-ਅਰਥ ਭਰਪੂਰ, ਉਚਾਰਨ ਢੰਗ, ਵਾਕ ਬਣਤਰ<br>1. ਵਿਅਕਤੀ<br>2. ਸਮੂਹ ਵਿੱਚ | 1. ਠੀਕ ਸ਼ਬਦਾਵਲੀ ਦਾ ਪ੍ਰਯੋਗ ਕਰਨਾ<br>2. ਠੀਕ ਵਾਕ ਬਣਾਉਣਾ<br>3. ਸਹੀ ਸ਼ਬਦ ਚੋਣ<br>4. ਸਹੀ ਬੋਲਚਾਲ |
| 8. ਤੁਰੰਤ ਦਿੱਤੇ ਵਿਸ਼ੇ ਤੇ ਬੋਲਣਾ (ਪਾਠਕ੍ਰਮ ਜਾਂ ਆਮ ਜੀਵਨ 'ਚੋਂ) | 1. ਗ੍ਰਹਿਣ ਕਰਨਾ<br>2. ਕਲਪਨਾ<br>3. ਪੇਸ਼ਕਾਰੀ<br>4. ਵਿਚਾਰ ਪ੍ਰਗਟਾਅ<br>5. ਸਵੈ ਭਰੋਸਾ<br>6. ਸਮੁੱਚਾ ਪ੍ਰਭਾਵ |

## ਨਿਰਧਾਰਤ ਗਤੀਵਿਧੀਆਂ (Suggested Topics for Activity)

1. ਸੁਲੇਖ
2. ਕਵਿਤਾ ਉਚਾਰਨ (ਜਬਾਨੀ)
3. ਭਾਸ਼ਣ ਮੁਕਾਬਲਾ
4. ਵਾਦ-ਵਿਵਾਦ
5. ਕੁਇਜ਼ (ਪ੍ਰਸ਼ਨੋਤਰੀ)
6. ਨਾਟਕ ਮੰਚਣ
7. ਦਿਨ-ਤਿਉਹਾਰ ਬਾਰੇ ਜਾਣਕਾਰੀ
8. ਲੋਕਗੀਤ
9. ਪੁਰਾਤਨ ਸੱਭਿਆਚਾਰ
10. ਚਲੰਤ ਘਟਨਾਵਾਂ ਦਾ ਵਰਣਨ

**ਨੋਟ-** 1. ਵਿਦਿਆਰਥੀ ਦਾ ਮੁਲਾਂਕਣ ਉਪਰੋਕਤ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਵੇ।
2. ਮੁਲਾਂਕਣ ਵਿਸ਼ੇ ਨਾਲ ਸੰਬੰਧਤ ਅਧਿਆਪਕ ਤੇ ਸਕੂਲ ਮੁਖੀ ਵੱਲੋਂ ਨਿਰਧਾਰਤ ਅਧਿਆਪਕ ਦੀ ਨਿਗਰਾਨੀ ਹੇਠ ਹੋਵੇਗਾ।

## X (ਨੌਵੀਂ) ਪੰਜਾਬੀ–004
## (ਅਪ੍ਰੈਲ 2019 ਤੋਂ ਮਾਰਚ 2020)
## ਸਲਾਨਾ ਪਰੀਖਿਆ

ਕੁਲ ਅੰਕ 80

| | | |
|---|---|---|
| **I.** | **ਪੜ੍ਹਨ–ਕੌਸ਼ਲ (Reading Skill)** | **15** |
| 1. | ਅਣਡਿੱਠਾ ਪੈਰਾ (ਵਾਰਤਕ) 200–250 ਸ਼ਬਦਾਂ ਵਿੱਚ<br>ਚਾਰ ਛੋਟੇ ਪ੍ਰਸ਼ਨ (2+2+2+2+) + 1 ਅੰਕ ਸਿਰਲੇਖ ਲਈ | 9 |
| 2. | ਅਣਡਿੱਠੀ ਕਾਵਿ ਟੁਕੜੀ ਨਾਲ ਸੰਬੰਧਿਤ (ਤਿੰਨ ਪ੍ਰਸ਼ਨ) | (3×2)=6 |
| **II.** | **ਵਿਆਕਰਨ (ਬਹੁਵਿਕਲਪੀ ਅਤੇ ਛੋਟੇ ਪ੍ਰਸ਼ਨ) (Grammer)** | **20** |
| 1. | ਸਮਾਸੀ ਸ਼ਬਦ (ਬਹੁਵਿਕਲਪੀ) | 4 |
| 2. | ਬਹੁਅਰਥਕ (ਬਹੁਵਿਕਲਪੀ) | 4 |
| 3. | ਕਿਰਿਆ ਵਿਸ਼ੇਸ਼ਣ (ਬਹੁਵਿਕਲਪੀ) | 4 |
| 4. | ਅਗੇਤਰ–ਪਿਛੇਤਰ | 4 |
| 5. | ਮੁਹਾਵਰੇ (ੳ ਤੋਂ ਹ ਤੱਕ) (ਛੋਟੇ ਪ੍ਰਸ਼ਨ) | 4 |
| **III.** | **ਪ੍ਰਭਾਵਸ਼ਾਲੀ ਲਿਖਣ–ਕੌਸ਼ਲ (Writing Skill)** | **25** |
| 1. | ਲੇਖ–ਰਚਨਾ (ਵਿਚਾਰ ਪ੍ਰਧਾਨ ਅਤੇ ਆਮ ਵਿਸ਼ੇ) 200 ਸ਼ਬਦ<br>(ਤਿੰਨ ਲੇਖ ਚੋਣ ਅਧਾਰਿਤ–ਨੁਕਤਿਆਂ ਸਹਿਤ) | 10 |
| 2. | ਪੱਤਰ–ਰਚਨਾ (ਨਿੱਜੀ ਤੇ ਦਫ਼ਤਰੀ)<br>(ਦੋ ਪੱਤਰ ਚੋਣ ਅਧਾਰਿਤ–ਨੁਕਤਿਆਂ ਸਹਿਤ) | 08 |
| 3. | ਇਸ਼ਤਿਹਾਰ ਜਾਂ ਤਸਵੀਰ ਦੇ ਅਧਾਰ ’ਤੇ ਵਰਨਣ (50 ਸ਼ਬਦਾਂ ਵਿੱਚ) | 07 |
| **IV.** | **ਪਾਠ–ਪੁਸਤਕਾਂ ’ਤੇ ਅਧਾਰਿਤ (Text Books)** | **20** |
| 1. | ਅਤਿ ਛੋਟੇ ਪ੍ਰਸ਼ਨ (1 ਅੰਕ ਵਾਲੇ) | |
| | (ੳ) ਕਹਾਣੀ ਤੇ ਵਾਰਤਕ ਵਿੱਚੋਂ (ਬਹੁ–ਵਿਕਲਪੀ) | 1×4=4 |
| | (ਅ) ਕਵਿਤਾ ਤੇ ਇਕਾਂਗੀ ਵਿੱਚੋਂ (ਇੱਕ ਸ਼ਬਦ ਵਾਲੇ) | 1×4=4 |
| 2. | ਛੋਟੇ ਪ੍ਰਸ਼ਨ–ਉੱਤਰ 2 ਅੰਕ ਵਾਲੇ (25 ਤੋਂ 30 ਸ਼ਬਦਾਂ ਵਿੱਚ)<br>(ਕਹਾਣੀ ਤੇ ਜੀਵਨੀ ਵਿੱਚੋਂ) | (3×2)=6 |
| 3. | ਵੱਡੇ ਉੱਤਰਾਂ ਵਾਲੇ ਪ੍ਰਸ਼ਨ (50 ਤੋਂ 60 ਸ਼ਬਦਾਂ ਵਿੱਚ)<br>(ਕਵਿਤਾ, ਵਾਰਤਕ ਵਿੱਚੋਂ) (ਚੋਣ ਅਧਾਰਿਤ) | (1×3)=3 |
| 4. | ਇਕਾਂਗੀ ’ਚੋ (50 ਤੋਂ 60 ਸ਼ਬਦਾਂ ਵਿੱਚ)<br>(ਚੋਣ ਅਧਾਰਿਤ) | (1×3)=3 |

# ਨਿਰਧਾਰਿਤ ਪਾਠ-ਪੁਸਤਕਾਂ

## 1. ਸਾਹਿਤਕ ਕਿਰਨਾਂ-2

ਕਾਵਿ-ਰਚਨਾਵਾਂ : 1. ਗਉੜੀ ਬੈਰਾਗਣਿ (ਗੁਰੂ ਅਮਰਦਾਸ ਜੀ)
2. ਗੁੰਮ ਨੇ ਰਸੋਈ ਵਿੱਚੋਂ (ਕਸ਼ਮੀਰ ਨੀਰ)
3. ਗੁਰੂ-ਉਪਦੇਸ਼ (ਪਵਨ ਹਰਚੰਦਪੁਰੀ)
4. ਮਾਣ-ਪੰਜਾਬੀ ਦਾ (ਕੁਲਵੰਤ ਸਿੰਘ ਰਫ਼ੀਕ)

ਵਾਰਤਕ : 1. ਆਦਤਾਂ (ਰਾਜਿੰਦਰ ਸਿੰਘ)
2. ਹੈਂਕੜ ਅਤੇ ਹਉਮੈ ਦੀ ਮਾਰ (ਡਾ. ਹਰਸ਼ਿੰਦਰ ਕੌਰ)
3. ਪੱਛੋਂ ਦੀਆਂ ਪੈਣ ਕਣੀਆਂ (ਪ੍ਰੀਤਮ ਰੂਪਾਲ)
4. ਪੰਜਾਬ ਦੇ ਲੋਕਗੀਤ (ਤੇਜਿੰਦਰ ਕੌਰ)
5. ਕਲਾਤਮਕ ਰੁਚੀਆਂ : ਪ੍ਰਕਿਰਤੀ ਅਤੇ ਪਹਿਚਾਣ (ਡਾ. ਦੇਵਿੰਦਰ ਸੈਫ਼ੀ)

## 2. ਸਾਹਿਤਕ ਰੰਗ-2

ਕਹਾਣੀਆਂ : 1. ਮੈਂ ਕਿਸੇ ਤੋਂ ਘੱਟ ਨਹੀਂ (ਦਰਸ਼ਨ ਸਿੰਘ ਆਸ਼ਟ)
2. ਈਅਰ ਫੋਨ (ਬਲਵਿੰਦਰ ਸਿੰਘ ਸੋਢੀ)
3. ਦੁਸ਼ਮਣੀ (ਬਲਵਿੰਦਰ ਸਿੰਘ ਬਰਾੜ)

ਇਕਾਂਗੀ : ਬੇਬੇ ਰਾਮ ਭਜਨੀ (ਪ੍ਰੋ. ਆਈ.ਸੀ. ਨੰਦਾ)

ਜੀਵਨੀਆਂ : 1. ਬੀਬੀ ਭਾਨੀ ਜੀ (ਸੁਖਵਿੰਦਰ ਸਿੰਘ)
2. ਉੱਡਣਾ ਸਿੱਖ—ਮਿਲਖਾ ਸਿੰਘ (ਪ੍ਰਕਾਸ਼ ਸਿੰਘ ਗਿੱਲ)
3. ਅਣਥੱਕ ਵਿਗਿਆਨੀ - ਡਾ. ਅਬਦੁੱਲ ਕਲਾਮ (ਡਾ. ਪ੍ਰਿਥਵੀ ਰਾਜ ਥਾਪਰ)

# ਆਂਤਰਿਕ ਮੁਲਾਂਕਣ

**(ਨੌਵੀਂ ਤੇ ਦਸਵੀਂ)**

ਮੁਲਾਂਕਣ ਅਜਿਹੀ ਪ੍ਰਕਿਰਿਆ ਹੈ, ਜਿਸ ਦਾ ਸੰਬੰਧ ਵਿਦਿਆਰਥੀ ਦੀ ਸਮਰੱਥਾ, ਯੋਗਤਾ ਅਤੇ ਸਰਬਪੱਖੀ ਗੁਣਾਂ ਦਾ ਪਤਾ ਲਾਉਣਾ ਹੁੰਦਾ ਹੈ। ਮੁਲਾਂਕਣ ਦੁਆਰਾ ਹੀ ਅਸੀਂ ਵਿਦਿਆਰਥੀਆਂ ਦੀ ਪ੍ਰਗਤੀ ਅਤੇ ਵਿਕਾਸ ਦਾ ਪਤਾ ਲਗਾ ਸਕਦੇ ਹਾਂ। ਇਸ ਤੋਂ ਇਲਾਵਾ ਮੁਲਾਂਕਣ ਦੁਆਰਾ ਅਸੀਂ ਕਿਸੇ ਪ੍ਰਕਿਰਿਆ ਅਤੇ ਸਿੱਖਿਆ-ਕਾਲ ਦੇ ਅੰਤ ਉੱਤੇ ਇਹ ਪਤਾ ਲਾਉਂਦੇ ਹਾਂ ਕਿ ਬੱਚਿਆਂ ਦੀ ਪ੍ਰਗਤੀ ਦਾ ਪੱਧਰ ਕੀ ਹੈ ਅਤੇ ਅਧਿਆਪਕ ਨੇ ਆਪਣੇ ਨਿਰਧਾਰਿਤ ਉਦੇਸ਼ ਪ੍ਰਾਪਤ ਕੀਤੇ ਹਨ ਕਿ ਨਹੀਂ। ਇੱਕ ਵਿਦਿਆਰਥੀ ਦਾ ਜੀਵਨ ਸਿਰਫ਼ ਸਿੱਖਿਆ-ਖੇਤਰ ਤੱਕ ਹੀ ਸੀਮਤ ਨਹੀਂ ਹੁੰਦਾ ਕਿਉਂਕਿ ਵਿਦਿਆਰਥੀ ਸਕੂਲ ਤੋਂ ਇਲਾਵਾ ਘਰ, ਪਰਿਵਾਰ ਅਤੇ ਸਮਾਜ ਵਿੱਚ ਵੀ ਰਹਿੰਦਾ ਹੈ ਅਤੇ ਅਧਿਆਪਕ ਨੂੰ ਉਸਦੀ ਪ੍ਰਤਿਭਾ ਨੂੰ ਨਿਖਾਰਨ ਲਈ ਗਤੀਵਿਧੀਆਂ ਨੂੰ ਉਸਦੀ ਰੋਜ਼ਾਨਾ ਜ਼ਿੰਦਗੀ ਨਾਲ ਜੋੜਨਾ ਚਾਹੀਦਾ ਹੈ, ਜੇ ਇਹਨਾਂ ਗਤੀਵਿਧੀਆਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ਤੇ ਉਸ ਦਾ ਕੋਈ ਲਾਭ ਨਹੀਂ ਹੋਵੇਗਾ।

## ਆਂਤਰਿਕ ਮੁਲਾਂਕਣ ਦੇ ਉਦੇਸ਼-

* ਵਿਦਿਆਰਥੀਆਂ ਵਿੱਚ ਰਚਨਾਤਮਕਤਾ ਪੈਦਾ ਕਰਨੀ।
* ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨੀ।
* ਮਿਲ-ਜੁਲ ਕੇ ਕੰਮ ਕਰਨ ਦੀ ਯੋਗਤਾ ਪੈਦਾ ਕਰਨੀ।
* ਸਮੇਂ ਸਿਰ ਕੰਮ ਕਰਨ ਦੀ ਆਦਤ ਦਾ ਵਿਕਾਸ ਕਰਨਾ।
* ਸਵਸਥ ਪ੍ਰਤੀਯੋਗਿਤਾ ਦੀ ਭਾਵਨਾ ਉਤਪੰਨ ਕਰਨਾ।
* ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਨਾਲ ਜੋੜਨਾ।
* ਵਿਦਿਆਰਥੀਆਂ ਦੀ ਲੁਕੀ ਹੋਈ ਪ੍ਰਤਿਭਾ ਨੂੰ ਪਛਾਣ ਕੇ ਨਿਖਾਰਨਾ।
* ਸ਼ਬਦ-ਭੰਡਾਰ ਵਿੱਚ ਵਾਧਾ ਕਰਨਾ।
* ਸਵੈ-ਪ੍ਰਗਟਾਵਾ।

ਹੁਣ ਅਸੀਂ ਸੀ.ਬੀ.ਐੱਸ.ਈ. ਦੁਆਰਾ ਨਿਰਧਾਰਿਤ ਆਂਤਰਿਕ ਮੁਲਾਂਕਣ ਦੇ ਮਾਪਦੰਡਾਂ, ਗਤੀਵਿਧੀਆਂ, ਅੰਕਾਂ ਅਤੇ ਮੁਲਾਂਕਣ ਪ੍ਰਕਿਰਿਆ ਬਾਰੇ ਗੱਲ ਕਰਾਂਗੇ–

| | |
|---|---|
| 5+5 ਅੰਕ | ਲਿਖਤੀ ਪਰੀਖਿਆ (Periodic Test) ਗਤੀਵਿਧੀਆਂ (Subject Enrichment) |
| 5 ਅੰਕ | (Assignment) ਜਮਾਤ ਅਤੇ ਘਰ ਦਾ ਕੰਮ |
| 5 ਅੰਕ | L, S (ਸੁਣਨ, ਬੋਲਣ 'ਤੇ ਅਧਾਰਿਤ) |

(**ਨੋਟ** – ਆਂਤਰਿਕ ਮੁਲਾਂਕਣ ਦੀ ਵਿਸਤ੍ਰਿਤ ਜਾਣਕਾਰੀ ਲਈ ਸੀ.ਬੀ.ਐੱਸ.ਈ. ਦੀ ਵੈਬਸਾਈਟ 'ਤੇ ਸੈਕੰਡਰੀ ਪਾਠਕ੍ਰਮ 2019–20 (Introduction to Sec. Curriculum 2019-20) ਨੂੰ ਧਿਆਨ ਵਿੱਚ ਰੱਖਿਆ ਜਾਵੇ।)

## ਦਿਵਿਆਂਗ ਵਿਦਿਆਰਥੀਆਂ ਲਈ

ਬੋਲਣ ਅਤੇ ਸੁਣਨ ਦੀ ਸਰੀਰਕ ਕਮੀ ਵਾਲੇ ਦਿਵਿਆਂਗ ਵਿਦਿਆਰਥੀਆਂ ਨੂੰ ਇਸ ਨਾਲ ਸੰਬੰਧਤ ਗਤੀਵਿਧੀ ਕਰਾਉਣ ਸਮੇਂ ਉਹਨਾਂ ਦੀ ਸਮਰੱਥਾ ਅਨੁਸਾਰ ਵਿਸ਼ੇ ਦੇ ਕੇ ਕਹਾਣੀ ਜਾਂ ਪੈਰਾ ਰਚਨਾ (ਲਿਖਣ ਕੌਸ਼ਲ) ਕਰਵਾਈ ਜਾਵੇ।

ਨੌਵੀਂ 150–200 ਸ਼ਬਦ ਸੀਮਾ ਅਤੇ ਦਸਵੀਂ 250–300 ਸ਼ਬਦ

## ਸੀ.ਬੀ.ਐੱਸ.ਈ. ਵੱਲੋਂ ਗਤੀਵਿਧੀਆਂ ਲਈ ਸੁਝਾਏ ਵਿਸ਼ੇ

1. ਸੁਲੇਖ
2. ਕਵਿਤਾ ਉਚਾਰਨ
3. ਭਾਸ਼ਣ ਮੁਕਾਬਲਾ
4. ਵਾਦ–ਵਿਵਾਦ
5. (ਕੁਇਜ਼) ਪ੍ਰਸ਼ਨੋਤਰੀ
6. ਨਾਟਕ ਮੰਚਣ
7. ਦਿਨ–ਤਿਉਹਾਰ ਬਾਰੇ ਜਾਣਕਾਰੀ
8. ਲੋਕ ਗੀਤ
9. ਪੁਰਾਤਨ ਸੱਭਿਆਚਾਰ
10. ਚਲੰਤ ਘਟਨਾਵਾਂ ਦਾ ਵਰਨਣ

# ਵਿਆਕਰਨ

## ਕਿਰਿਆ

'ਕਿਰਿਆ' ਵਿਆਕਰਨ ਵਰਗ ਦੀ ਦ੍ਰਿਸ਼ਟੀ ਤੋਂ ਸ਼ਬਦਾਂ ਦੀਆਂ ਵੰਨਗੀਆਂ ਵਿਚੋਂ ਇੱਕ ਵੰਨਗੀ ਹੈ। ਵਾਕ ਵਿਚਲੇ ਉਹ ਸ਼ਬਦ ਜਿਨ੍ਹਾਂ ਤੋਂ ਕਿਸੇ ਕੰਮ ਦੇ ਹੋਣ, ਕਰਨ ਜਾਂ ਵਾਪਰਨ ਬਾਰੇ ਕਾਲ ਸਹਿਤ ਪਤਾ ਲੱਗੇ, ਕਿਰਿਆ ਅਖਵਾਉਂਦੇ ਹਨ। ਹਰ ਵਾਕ ਵਿੱਚ ਕਿਰਿਆ ਜ਼ਰੂਰ ਹੁੰਦੀ ਹੈ ਭਾਵ ਕਿਰਿਆ ਤੋਂ ਬਿਨਾਂ ਕੋਈ ਵਾਕ ਨਹੀਂ ਹੁੰਦਾ। ਪੰਜਾਬੀ ਵਿੱਚ ਕਿਰਿਆ ਆਮ ਤੌਰ ਤੇ ਵਾਕ ਦੇ ਅੰਤ ਵਿੱਚ ਆਉਂਦੀ ਹੈ-

1. ਮੈਂ ਬਜ਼ਾਰ ਗਈ ਸੀ।
2. ਮੈਂ ਬਜ਼ਾਰ ਜਾ ਰਹੀ ਹਾਂ।
3. ਮੈਂ ਬਜ਼ਾਰ ਜਾਵਾਂਗੀ।

ਇਨ੍ਹਾਂ ਵਾਕਾਂ ਵਿੱਚ 'ਗਈ ਸੀ', 'ਜਾ ਰਹੀ ਹਾਂ' ਅਤੇ 'ਜਾਵਾਂਗੀ'........ਮੇਰੇ ਬਜ਼ਾਰ ਜਾਣ ਦੇ ਕੰਮ ਨੂੰ ਕਾਲ ਸਹਿਤ ਦੱਸਦੇ ਹਨ। ਇਹ ਸ਼ਬਦ ਹੀ ਕਿਰਿਆ ਹਨ। ਕਿਸੇ ਵਾਕ ਵਿਚਲੀ ਕਿਰਿਆ ਤੋਂ ਹੀ ਵਾਕ ਵਿੱਚ 'ਕਰਤਾ' ਅਤੇ 'ਕਰਮ' ਦਾ ਪਤਾ ਲਗਦਾ ਹੈ।

ਕਰਤਾ (Subject)—ਕਿਸੇ ਵਾਕ ਵਿੱਚ ਜਿਸ ਦੇ ਰਾਹੀਂ ਕੰਮ ਜਾਂ ਕਿਰਿਆ ਕੀਤੀ ਜਾ ਰਹੀ ਹੈ, ਉਸ ਨੂੰ ਕਰਤਾ ਕਹਿੰਦੇ ਹਨ। ਜਿਵੇਂ-ਸਿਮਰਨ ਖੇਡ ਰਹੀ ਹੈ।

ਇਸ ਵਾਕ ਵਿੱਚ ਸਿਮਰਨ ਰਾਹੀਂ ਖੇਡਿਆ ਜਾ ਰਿਹਾ ਹੈ। ਭਾਵ ਖੇਡਣ ਦੀ ਕਿਰਿਆ ਸਿਮਰਨ ਰਾਹੀਂ ਹੋ ਰਹੀ ਹੈ। ਇਸ ਲਈ ਕਰਤਾ 'ਸਿਮਰਨ' ਹੈ।

ਕਰਮ (Object)—ਵਾਕ ਵਿੱਚ ਜਿਸ ਉੱਤੇ ਕੰਮ ਕੀਤਾ ਜਾਵੇ, ਉਸ ਨੂੰ ਕਰਮ ਕਿਹਾ ਜਾਂਦਾ ਹੈ। ਜਿਵੇਂ-ਸਿਮਰਨ ਗੇਂਦ ਨਾਲ ਖੇਡ ਰਹੀ ਹੈ।

ਇਸ ਵਾਕ ਵਿੱਚ ਕਿਰਿਆ 'ਗੇਂਦ' ਉੱਤੇ ਹੋ ਰਹੀ ਹੈ। ਇਸ ਲਈ ਕਰਮ 'ਗੇਂਦ' ਹੈ। ਇਥੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਇੱਕ ਵਾਕ ਵਿੱਚ ਇੱਕ ਤੋਂ ਵਧੇਰੇ ਕਰਮ ਵੀ ਹੋ ਸਕਦੇ ਹਨ। ਇਸ ਤੋਂ ਅੱਗੇ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਕਿਰਿਆ ਦੇ ਮੁੱਖ ਕਾਰਜ ਕਿਹੜੇ ਹਨ-

1. ਕਿਸੇ ਕੰਮ ਦੇ ਹੋਣ ਜਾਂ ਕੀਤੇ ਜਾਣ ਦਾ ਬੋਧ ਕਰਾਉਣਾ-
   (ੳ) ਸੁਖਰਾਜ ਗੀਤ ਗਾਉਂਦਾ ਹੈ।
   (ਅ) ਮੈਂ ਰੋਟੀ ਖਾ ਰਹੀ ਹਾਂ।
2. ਕਿਸੇ ਮਨੁੱਖ ਜਾਂ ਵਸਤੂ ਦੀ ਕਿਰਿਆਸ਼ੀਲਤਾ ਦਾ ਬੋਧ ਕਰਾਉਣਾ-
   (ੳ) ਗੇਂਦ ਉਛਲਦੀ ਹੈ।
   (ਅ) ਪੱਖਾ ਚੱਲਦਾ ਹੈ।

3. ਸਥਿਤੀ ਜਾਂ ਅਵਸਥਾ ਦਾ ਬੋਧ ਕਰਵਾਉਣਾ–
(ੳ) ਗੁਰਮੀਤ ਸੁੱਤੀ ਹੋਈ ਹੈ।
(ਅ) ਅਸ਼ਪ੍ਰੀਤ ਬੈਠਾ ਹੈ।
4. ਅਸਤਿਤੱਵ ਦਾ ਬੋਧ ਕਰਵਾਉਣਾ–
(ੳ) ਸ਼ੇਰ ਜੰਗਲ ਵਿੱਚ ਰਹਿੰਦਾ ਹੈ।
(ਅ) ਮਨੁੱਖ ਸਮਾਜ ਵਿੱਚ ਰਹਿੰਦਾ ਹੈ।
5. ਮਨੋਸਥਿਤੀ ਦਾ ਬੋਧ ਕਰਵਾਉਣਾ–
(ੳ) ਹਰਜੀਤ ਡਰ ਨਾਲ ਕੰਬ ਰਿਹਾ ਹੈ।
(ਅ) ਗੁਰਲੀਨ ਹੱਸਦੀ ਹੈ।

ਕਿਰਿਆ ਦੀਆਂ ਮੁੱਖ ਤੌਰ ਤੇ ਦੋ ਕਿਸਮਾਂ ਹੁੰਦੀਆਂ ਹਨ–
1. ਅਕਰਮਕ ਕਿਰਿਆ
2. ਸਕਰਮਕ ਕਿਰਿਆ

**1. ਅਕਰਮਕ ਕਿਰਿਆ –** ਅਕਰਮਕ ਤੋਂ ਭਾਵ ਹੈ 'ਕਰਮ ਤੋਂ ਬਿਨਾਂ'। ਵਾਕ ਵਿੱਚ ਜਿਸ ਵਾਕ ਦੀ ਕਿਰਿਆ ਦਾ ਸਿਰਫ਼ ਕਰਤਾ ਹੀ ਹੋਵੇ, ਕਰਮ ਨਾ ਹੋਵੇ ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ। ਜਿਵੇਂ–
(ੳ) ਬੱਚਾ ਰੋਂਦਾ ਹੈ।
(ਅ) ਕੁੜੀ ਖੇਡਦੀ ਹੈ।

ਉਪਰੋਕਤ ਵਾਕਾਂ ਵਿੱਚ 'ਬੱਚਾ' ਅਤੇ 'ਕੁੜੀ' ਕਰਤਾ ਹਨ, ਇਨ੍ਹਾਂ ਵਿੱਚ ਕੋਈ ਕਰਮ ਨਹੀਂ ਹੈ। ਇਸ ਲਈ ਇਨ੍ਹਾਂ ਵਾਕਾਂ ਦੀਆਂ ਕਿਰਿਆਵਾਂ 'ਰੋਂਦਾ' ਹੈ ਅਤੇ 'ਖੇਡਦੀ ਹੈ' ਅਕਰਮਕ ਕਿਰਿਆਵਾਂ ਹਨ।

ਅਕਰਮਕ ਕਿਰਿਆ ਦੇ ਅੱਗੋਂ ਦੋ ਭੇਦ ਹਨ–
1. ਪੂਰਨ ਅਕਰਮਕ ਕਿਰਿਆ
2. ਅਪੂਰਨ ਅਕਰਮਕ ਕਿਰਿਆ

1. **ਪੂਰਨ ਅਕਰਮਕ ਕਿਰਿਆ –** ਜਿਹੜੀ ਅਕਰਮਕ ਕਿਰਿਆ ਕਰਤਾ ਨਾਲ ਆ ਕੇ ਵਾਕ ਦਾ ਪੂਰਾ ਭਾਵ ਸਪਸ਼ਟ ਕਰ ਦੇਵੇ ਅਤੇ ਸਾਰਥਕ ਵਾਕ ਬਣਾ ਦੇਵੇ, ਉਹ ਪੂਰਨ ਅਕਰਮਕ ਕਿਰਿਆ ਆਖੀ ਜਾਂਦੀ ਹੈ। ਜਿਵੇਂ–ਗੁੰਜਨ ਸੌਂ ਗਈ। ਇਸ ਵਾਕ ਵਿੱਚ ਭਾਵ ਸਪਸ਼ਟ ਹੋ ਰਿਹਾ ਹੈ ਕਿ ਗੁੰਜਨ ਸੌਂ ਗਈ ਹੈ।

2. **ਅਪੂਰਨ ਅਕਰਮਕ ਕਿਰਿਆ –** ਜਿਹੜੀ ਅਕਰਮਕ ਕਿਰਿਆ ਕਰਤਾ ਨਾਲ ਮਿਲ ਕੇ ਅਜਿਹਾ ਵਾਕ ਨਾ ਬਣਾ ਸਕੇ ਜਿਸ ਦੇ ਪੂਰੇ ਅਰਥ ਸਪਸ਼ਟ ਹੁੰਦੇ ਹੋਣ ਅਤੇ ਵਾਕ ਸਾਰਥਕ ਨਾ ਹੋਵੇ ਤਾਂ ਉਹ ਅਪੂਰਨ ਸਕਰਮਕ ਕਿਰਿਆ ਹੁੰਦੀ ਹੈ। ਜਿਵੇਂ – ਸਾਰੇ ਰਜਿੰਦਰ ਨੂੰ ਸਮਝਦੇ ਹਨ। ਇਸ ਵਾਕ ਦਾ ਭਾਵ ਸਪਸ਼ਟ ਨਹੀਂ ਹੋ ਰਿਹਾ ਕਿ ਰਜਿੰਦਰ ਨੂੰ ਕੀ ਜਾਂ ਕਿਵੇਂ ਦਾ ਸਮਝਦੇ ਹਨ।

**3. ਸਕਰਮਕ ਕਿਰਿਆ –** ਸਕਰਮਕ ਤੋਂ ਭਾਵ ਹੈ 'ਕਰਮ ਦੇ ਨਾਲ'। ਵਾਕ ਵਿੱਚ ਜਿਸ ਵਾਕ ਦਾ ਕਰਤਾ ਅਤੇ ਕਰਮ ਦੋਵੇਂ ਹੋਣ ਉਨ੍ਹਾਂ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ। ਜਿਵੇਂ–

(ੳ) ਕੁੜੀ ਗੇਂਦ ਖੇਡਦੀ ਹੈ।

(ਅ) ਸੁਰੇਸ਼ ਗੀਤ ਗਾਉਂਦਾ ਹੈ।

ਇਨ੍ਹਾਂ ਵਾਕਾਂ ਵਿੱਚ 'ਕੁੜੀ' ਅਤੇ 'ਸੁਰੇਸ਼' ਕਰਤਾ ਹਨ। 'ਗੇਂਦ' ਅਤੇ 'ਗੀਤ' ਕਰਮ ਹਨ। ਇਸ ਲਈ ਇਨ੍ਹਾਂ ਵਾਕਾਂ ਦੀਆਂ ਕਿਰਿਆਵਾਂ 'ਖੇਡਦੀ ਹੈ' ਅਤੇ 'ਗਾਉਂਦਾ ਹੈ' ਸਕਰਮਕ ਕਿਰਿਆਵਾਂ ਹਨ।

ਸਕਰਮਕ ਕਿਰਿਆ ਨੂੰ ਅੱਗੋਂ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ-

1. ਇਕਹਿਰੀ ਸਕਰਮਕ ਕਿਰਿਆ - ਜਿਸ ਕਿਰਿਆ ਨੂੰ ਇਕੋ ਹੀ ਕਰਮ ਦੀ ਲੋੜ ਹੋਵੇ। ਜਿਵੇਂ - ਉਹ ਚਾਹ ਪੀਂਦਾ ਹੈ।
2. ਦੁਹਰੀ ਸਕਰਮਕ ਕਿਰਿਆ - ਜਿਸ ਕਿਰਿਆ ਲਈ ਪ੍ਰਧਾਨ ਅਤੇ ਅਪ੍ਰਧਾਨ ਦੋ ਕਰਮਾਂ ਦੀ ਲੋੜ ਹੁੰਦੀ ਹੈ। ਜਿਵੇਂ-ਸੁਰਜੀਤ ਨੇ ਮੁੰਡੇ ਨੂੰ ਸਕੂਲ ਭੇਜਿਆ।
3. ਮਿਸ਼ਰਤ ਸਕਰਮਕ ਕਿਰਿਆ - ਇਸ ਕਿਰਿਆ ਲਈ ਇੱਕ ਕਰਮ ਅਤੇ ਕਿਰਿਆ-ਵਿਸ਼ੇਸ਼ਣ ਦੀ ਲੋੜ ਹੁੰਦੀ ਹੈ। ਜਿਵੇਂ- ਉਸਨੇ ਮੇਜ਼ ਉੱਤੇ ਪੁਸਤਕ ਰੱਖੀ।

**ਨੋਟ –** 'ਕਿਰਿਆ' ਵਿਸ਼ਾ ਨਵੇਂ ਪਾਠਕ੍ਰਮ ਅਨੁਸਾਰ ਨੌਵੀਂ ਜਮਾਤ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਨਾਲ ਸੰਬੰਧਤ ਇੱਕ-ਇੱਕ ਅੰਕ ਵਾਲੇ ਚਾਰ ਪ੍ਰਸ਼ਨ ਪੁੱਛੇ ਜਾਣਗੇ। ਜੋ ਕਿ 4 ਅੰਕਾਂ ਦੇ ਆਉਣਗੇ।

## ਕਿਰਿਆ-ਵਿਸ਼ੇਸ਼ਣ

ਕਿਰਿਆ-ਵਿਸ਼ੇਸ਼ਣ ਦੋ ਸ਼ਬਦਾਂ ਦਾ ਸੁਮੇਲ ਹੈ। ਇਹ ਦੋਵੇਂ ਵਿਆਕਰਨ ਦੀਆਂ ਵੱਖ-ਵੱਖ ਸ਼ਬਦ ਸ਼੍ਰੇਣੀਆਂ ਹਨ, ਜੋ ਮਿਲ ਕੇ ਨਵੀਂ ਵਿਆਕਰਨ ਸ਼੍ਰੇਣੀ ਕਿਰਿਆ ਵਿਸ਼ੇਸ਼ਣ ਬਣਾ ਦਿੰਦੀਆਂ ਹਨ।

ਜਿਹੜਾ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਦੱਸੇ ਅਰਥਾਤ ਕਿਰਿਆ ਦਾ ਤਰੀਕਾ, ਸਮਾਂ, ਸਥਾਨ, ਕਾਰਨ ਜਾਂ ਢੰਗ ਦੱਸੇ, ਉਸ ਨੂੰ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ। ਜਿਵੇਂ-

(ੳ) ਮਾਂ ਹੌਲੀ-ਹੌਲੀ ਤੁਰ ਕੇ ਆਈ ਸੀ।

(ਅ) ਘੋੜਾ ਤੇਜ਼ ਦੌੜਦਾ ਹੈ।

ਇਨ੍ਹਾਂ ਵਾਕਾਂ ਵਿੱਚ 'ਹੌਲੀ-ਹੌਲੀ ਅਤੇ 'ਤੇਜ਼' ਕਿਰਿਆ ਵਿਸ਼ੇਸ਼ਣ ਹਨ। ਕਿਰਿਆ ਵਿਸ਼ੇਸ਼ਣ ਅੱਠ ਤਰ੍ਹਾਂ ਦੇ ਹੁੰਦੇ ਹਨ-

1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ
3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ
4. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ
6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ
7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ
8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

**1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ ਦੱਸਦੇ ਹਨ, ਉਨ੍ਹਾਂ ਨੂੰ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ-ਕੱਲ੍ਹ, ਪਰਸੋਂ, ਅੱਜ, ਸਵੇਰੇ, ਸ਼ਾਮ, ਰਾਤ ਆਦਿ।

**2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਸਥਾਨ ਦੱਸਦੇ ਹਨ, ਉਨ੍ਹਾਂ ਨੂੰ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ-ਵਿਚਕਾਰ, ਦੂਰ, ਨੇੜੇ, ਅੰਦਰ, ਬਾਹਰ ਆਦਿ।

**3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਤਰੀਕਾ ਜਾਂ ਢੰਗ ਦੱਸਦੇ ਹਨ ਉਨ੍ਹਾਂ ਨੂੰ ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ- ਹੌਲੀ, ਤੇਜ਼, ਇਸ ਤਰ੍ਹਾਂ, ਉਸ ਤਰ੍ਹਾਂ ਆਦਿ।

**4. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਕਾਰਨ ਦੱਸਦੇ ਹਨ, ਉਨ੍ਹਾਂ ਨੂੰ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ-ਇਸ ਲਈ, ਤਾਂ ਕਰਕੇ, ਕਿਉਂਕਿ ਆਦਿ।

**5. ਪਰਿਮਾਣ-ਵਾਚਕ ਜਾਂ ਮਿਣਤੀ ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦ ਕਿਰਿਆ ਦੀ ਮਿਣਤੀ, ਮਿਕਦਾਰ ਜਾਂ ਪਰਿਮਾਣ ਦੱਸਦੇ ਹਨ ਉਨ੍ਹਾਂ ਨੂੰ ਪਰਿਮਾਣ ਵਾਚਕ ਜਾਂ ਮਿਣਤੀ ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ -ਥੋੜ੍ਹਾ, ਬਹੁਤ, ਜ਼ਰਾ ਕੁ, ਪੂਰਾ, ਅਧੂਰਾ ਆਦਿ।

**6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦ ਕਿਰਿਆ ਦੀ ਗਿਣਤੀ ਜਾਂ ਦੁਹਰਾਓ ਦੱਸਦੇ ਹਨ। ਉਨ੍ਹਾਂ ਨੂੰ ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ - ਵਾਰ-ਵਾਰ, ਦੋ-ਦੋ।

**7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦ, ਕਿਰਿਆ ਦੇ ਹੋਣ ਜਾਂ ਨਾ ਹੋਣ ਦਾ ਨਿਰਨਾ ਕਰਦੇ ਹਨ ਉਨ੍ਹਾਂ ਨੂੰ ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ-ਹਾਂ ਜੀ, ਠੀਕ ਹੈ ਜੀ, ਚੰਗਾ ਜੀ ਆਦਿ।

**8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ –** ਜਿਹੜੇ ਸ਼ਬਦਾਂ ਤੋਂ ਕਿਰਿਆ ਬਾਰੇ, ਨਿਸ਼ਚੇ ਜਾਂ ਵਿਸ਼ਵਾਸ ਦੇ ਭਾਵ ਪ੍ਰਗਟ ਹੋਣ ਉਨ੍ਹਾਂ ਨੂੰ ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ-ਪੱਕਾ, ਜ਼ਰੂਰ, ਬਿਲਕੁਲ ਆਦਿ।

**ਨੋਟ –** 'ਕਿਰਿਆ-ਵਿਸ਼ੇਸ਼ਣ' ਵਿਸ਼ਾ ਨਵੇਂ ਪਾਠਕ੍ਰਮ ਅਨੁਸਾਰ ਦਸਵੀਂ ਜਮਾਤ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਵਿਸ਼ੇ ਨਾਲ ਸੰਬੰਧਤ ਪ੍ਰਸ਼ਨ ਬਹੁਵਿਕਲਪੀ ਰੂਪ ਵਿੱਚ ਪੁੱਛੇ ਜਾਣਗੇ ਜੋ ਕਿ 4 ਅੰਕਾਂ ਦੇ ਆਉਣਗੇ।

## ਲਿੰਗ

ਉਹ ਵਿਆਕਰਨਕ ਸ਼੍ਰੇਣੀ ਜਿਹੜੀ ਨਾਂਵ ਦਾ ਮੂਲ ਲੱਛਣ ਹੈ ਅਤੇ ਜਿਸ ਨੂੰ ਨਾਂਵ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ।

ਪਰਿਭਾਸ਼ਾ - ਨਾਂਵ ਦੇ ਜਿਸ ਰੂਪ ਤੋਂ ਜਨਾਨੇ ਜਾਂ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ।

ਪੰਜਾਬੀ ਵਿੱਚ ਲਿੰਗ ਦੋ ਤਰ੍ਹਾਂ ਦੇ ਹੁੰਦੇ ਹਨ- ਪੁਲਿੰਗ ਅਤੇ ਇਸਤਰੀ-ਲਿੰਗ। ਜਿਵੇਂ - ਘੋੜਾ, ਮੁਰਗਾ, ਕੁੱਤਾ, ਲੜਕਾ ਆਦਿ ਪੁਲਿੰਗ ਸ਼ਬਦ ਹਨ ਅਤੇ ਘੋੜੀ, ਮੁਰਗੀ, ਮਾਮੀ, ਮਾਤਾ ਆਦਿ ਇਸਤਰੀ-ਲਿੰਗ ਸ਼ਬਦ ਹਨ।

ਪੰਜਾਬੀ ਵਿੱਚ ਪੁਲਿੰਗ ਤੋਂ ਇਸਤਰੀ-ਲਿੰਗ ਬਣਾਉਣ ਦੇ ਕੁਝ ਨਿਯਮ ਹਨ-

1. ਜਿਨ੍ਹਾਂ ਪੁਲਿੰਗ ਸ਼ਬਦਾਂ ਦੇ ਅੰਤ ਵਿੱਚ ਕੋਈ ਲਗਾ-ਮਾਤਰਾ ਨਹੀਂ ਲੱਗੀ ਹੁੰਦੀ, ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਬਦਲਿਆ ਜਾ ਸਕਦਾ ਹੈ :

(ੳ) ਉਨ੍ਹਾਂ ਸ਼ਬਦਾਂ ਦੇ ਅੰਤ ਵਿੱਚ ਬਿਹਾਰੀ ( ੀ ) ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਟੋਪ | ਟੋਪੀ | ਪੱਥਰ | ਪੱਥਰੀ |
| ਮੱਛਰ | ਮੱਛਰੀ | ਕਬੂਤਰ | ਕਬੂਤਰੀ |

(ਅ) ਉਨ੍ਹਾਂ ਸ਼ਬਦਾਂ ਦੇ ਅੰਤ ਵਿੱਚ ਕੰਨਾ ( ਾ ) ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਅਧਿਆਪਕ | ਅਧਿਆਪਕਾ | ਸੰਪਾਦਕ | ਸੰਪਾਦਕਾ |
| ਲੇਖਕ | ਲੇਖਕਾ | ਗਾਇਕ | ਗਾਇਕਾ |

(ੲ) ਉਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ਨੀ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਸਰਦਾਰ | ਸਰਦਾਰਨੀ | ਚੋਰ | ਚੋਰਨੀ |
| ਮੋਰ | ਮੋਰਨੀ | ਸ਼ੇਰ | ਸ਼ੇਰਨੀ |

(ਸ) ਉਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ਣੀ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਸੱਪ | ਸੱਪਣੀ | ਊਠ | ਊਠਣੀ |
| ਸਾਧ | ਸਾਧਣੀ | ਸਰਪੰਚ | ਸਰਪੰਚਣੀ |

(ਹ) ਉਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ਕੰਨਾ' ਅਤੇ 'ਣੀ' ਦੋਵੇਂ ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਨੌਕਰ | ਨੌਕਰਾਣੀ | ਜੇਠ | ਜੇਠਾਣੀ |
| ਪੰਡਤ | ਪੰਡਤਾਣੀ | ਮਾਸਟਰ | ਮਾਸਟਰਾਣੀ |

ਕ) ਉਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ੜੀ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਸੰਦੂਕ | ਸੰਦੂਕੜੀ | ਬਾਲ | ਬਾਲੜੀ |

(ਖ) ਉਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ਕੀ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** |
|---|---|
| ਢੋਲ | ਢੋਲਕੀ |

2. ਜਿਨ੍ਹਾਂ ਪੁਲਿੰਗ ਸ਼ਬਦਾਂ ਦੇ ਅੰਤ ਵਿੱਚ ਬਿਹਾਰੀ ਲੱਗੀ ਹੁੰਦੀ ਹੈ।

(ੳ) 'ਬਿਹਾਰੀ' ਦੀ ਥਾਂ 'ਨ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਲਿਖਾਰੀ | ਲਿਖਾਰਨ | ਖਿਡਾਰੀ | ਖਿਡਾਰਨ |
| ਵਪਾਰੀ | ਵਪਾਰਨ | ਸ਼ਿਕਾਰੀ | ਸ਼ਿਕਾਰਨ |

(ਅ) ਉਨ੍ਹਾਂ ਸ਼ਬਦਾਂ ਦੀ ਥਾਂ 'ਣ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਦਰਜੀ | ਦਰਜਣ | ਬੰਗਾਲੀ | ਬੰਗਾਲਣ |
| ਫ਼ੌਜੀ | ਫ਼ੌਜਣ | ਸਾਥੀ | ਸਾਥਣ |

(ੲ) ਉਨ੍ਹਾਂ ਸ਼ਬਦਾਂ ਦੀ ਥਾਂ 'ਸਿਹਾਰੀ' ਅਤੇ 'ਣ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਸ਼ੁਦਾਈ | ਸ਼ੁਦਾਇਣ | ਕਸਾਈ | ਕਸਾਇਣ |
| ਹਲਵਾਈ | ਹਲਵਾਇਣ | ਨਾਈ | ਨਾਇਣ |

3. ਜਿਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ਕੰਨਾ' ਲਗਾ ਹੁੰਦਾ ਹੈ।

(ੳ) ਉਨ੍ਹਾਂ ਸ਼ਬਦਾਂ ਦੀ ਥਾਂ 'ਬਿਹਾਰੀ' ਲਗਾ ਕੇ ਇਸਤਰੀ-ਲਿੰਗ ਬਣਦਾ ਹੈ।

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਦਾਦਾ | ਦਾਦੀ | ਕਾਕਾ | ਕਾਕੀ |
| ਕੁਹਾੜਾ | ਕੁਹਾੜੀ | ਮਾਮਾ | ਮਾਮੀ |

(ਅ) ਉਨ੍ਹਾਂ ਸ਼ਬਦਾਂ ਵਿੱਚ ਕੰਨਾਂ ਦੀ ਥਾਂ 'ਨ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਸਪੇਰਾ | ਸਪੇਰਨ | ਲੁਟੇਰਾ | ਲੁਟੇਰਨ |
| ਵਣਜਾਰਾ | ਵਣਜਾਰਨ | | |

4. ਜਿਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ਈਆ' ਲੱਗਾ ਹੁੰਦਾ ਹੈ ਉਨ੍ਹਾਂ ਵਿੱਚ ਈਆ ਦੀ ਥਾਂ 'ਨ' ਜਾਂ 'ਣ' ਲਗਾ ਕੇ ਇਸਤਰੀ-ਲਿੰਗ ਸ਼ਬਦ ਬਣਦੇ ਹਨ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਪਸ਼ੌਰੀਆ | ਪਿਸ਼ੌਰਨ | ਪੂਰਬੀਆ | ਪੂਰਬਨ |
| ਲਹੌਰੀਆ | ਲਹੌਰਨ | | |

5. ਮਨੁੱਖੀ ਰਿਸ਼ਤਿਆਂ ਲਈ ਵਰਤੇ ਜਾਣ ਵਾਲੇ ਸ਼ਬਦਾਂ ਲਈ ਕੋਈ ਨਿਯਮ ਨਹੀਂ ਹੁੰਦਾ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਮੁੰਡਾ | ਕੁੜੀ | ਲੜਕਾ | ਲੜਕੀ |
| ਭਰਾ | ਭੈਣ | ਸਹੁਰਾ | ਸੱਸ |
| ਰਾਜਾ | ਰਾਣੀ | | |

6. ਵੱਡੇ ਅਕਾਰ ਦੀ ਵਸਤੂ ਲਈ ਪੁਲਿੰਗ ਅਤੇ ਛੋਟੇ ਅਕਾਰ ਲਈ ਇਸਤਰੀ-ਲਿੰਗ ਵਰਤੇ ਜਾਣ ਵਾਲੇ ਸ਼ਬਦ-

| **ਪੁਲਿੰਗ** | **ਇਸਤਰੀ-ਲਿੰਗ** | **ਪੁਲਿੰਗ** | **ਇਸਤਰੀ-ਲਿੰਗ** |
|---|---|---|---|
| ਜੰਦਰਾ | ਜੰਦਰੀ | ਕੜਾਹਾ | ਕੜਾਹੀ |
| ਕੁਹਾੜਾ | ਕੁਹਾੜੀ | ਪੱਖਾ | ਪੱਖੀ |

7. ਕਈ ਸ਼ਬਦਾਂ ਦਾ ਕੋਈ ਵਿਰੋਧੀ ਲਿੰਗ ਨਹੀਂ ਹੁੰਦਾ-ਸੂਰਜ, ਸੋਨਾ, ਰੁੱਖ, ਬਾਜ਼ ਆਦਿ।

**ਨੋਟ –** ਨਵੇਂ ਪਾਠਕ੍ਰਮ ਅਨੁਸਾਰ ਨੌਵੀਂ ਜਮਾਤ ਵਿੱਚ 'ਲਿੰਗ' ਸ਼ਾਮਲ ਕੀਤੇ ਗਏ ਹਨ। ਇਸ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ। ਜੋ ਕਿ 3 ਅੰਕਾਂ ਦੇ ਆਉਣਗੇ।

## ਵਿਰੋਧੀ ਸ਼ਬਦ

ਵਿਰੋਧੀ ਸ਼ਬਦ ਉਹ ਸ਼ਬਦ ਹੁੰਦੇ ਹਨ ਜਿਹੜੇ ਇੱਕ-ਦੂਜੇ ਤੋਂ ਉਲਟ ਅਰਥਾਂ ਵਾਲੇ ਹੋਣ। ਵਿਰੋਧੀ ਸ਼ਬਦਾਂ ਨੂੰ ਉਲਟ-ਭਾਵੀ ਸ਼ਬਦ, ਵਿਪਰੀਤਾਰਥਕ ਅਤੇ ਵਿਰੋਧਾਰਥਕ ਸ਼ਬਦ ਵੀ ਕਿਹਾ ਜਾਂਦਾ ਹੈ। ਜਿਵੇਂ-

| **ਸ਼ਬਦ** | **ਵਿਰੋਧੀ ਸ਼ਬਦ** |
|---|---|
| ਉੱਚਾ | ਨੀਵਾਂ |
| ਉਲਟਾ | ਸਿੱਧਾ |
| ਉਸਤਤ | ਨਿੰਦਿਆ/ਨਿੰਦਾ |
| ਅਸਾਨ | ਮੁਸ਼ਕਲ |
| ਸਫ਼ਲ | ਅਸਫ਼ਲ |
| ਨਰਕ | ਸਵਰਗ |
| ਹਾਲ | ਬੇਹਾਲ |
| ਇਨਸਾਨ | ਹੈਵਾਨ |
| ਗੁਰੂ | ਚੇਲਾ |
| ਬਹਾਦਰ | ਡਰਪੋਕ |

**ਨੋਟ –** ਨਵੇਂ ਪਾਠਕ੍ਰਮ ਅਨੁਸਾਰ 'ਵਿਰੋਧੀ ਸ਼ਬਦ' ਨੌਵੀਂ ਜਮਾਤ ਵਿੱਚ ਸ਼ਾਮਲ ਕੀਤੇ ਗਏ ਹਨ। ਇਸ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ, ਜੋ ਕਿ 3 ਅੰਕਾਂ ਦੇ ਆਉਣਗੇ।

## ਵਿਸਮਕ

ਉਹ ਸ਼ਬਦ ਦੋ ਸਾਡੇ ਮੂੰਹੋਂ ਅਚਨਚੇਤ ਨਿਕਲਦੇ ਹਨ ਅਤੇ ਸਾਡੇ ਮਨ ਦੀ ਖੁਸ਼ੀ, ਦੁੱਖ, ਹੈਰਾਨੀ, ਪ੍ਰਸ਼ੰਸਾ ਅਤੇ ਸੰਬੋਧਨ ਆਦਿ ਭਾਵਾਂ ਨੂੰ ਪ੍ਰਗਟ ਕਰਦੇ ਹਨ, ਵਿਆਕਰਨ ਦੀ ਭਾਸ਼ਾ ਵਿੱਚ ਉਹਨਾਂ ਨੂੰ ਵਿਸਮਕ ਕਹਿੰਦੇ ਹਨ।

ਹੈਂ! ਤੂੰ ਪਾਸ ਹੋ ਗਿਆ।

ਬੱਲੇ! ਤੂੰ ਸਾਰਾ ਕੰਮ ਮੁਕਾ ਲਿਆ।

ਕਾਸ਼! ਮੈਂ ਡਾਕਟਰ ਹੁੰਦੀ।

ਹਾਏ! ਤੇਰੇ ਕਿੰਨੀ ਸੱਟ ਲੱਗ ਗਈ।

ਇਹਨਾਂ ਵਾਕਾਂ ਵਿੱਚ ਹੈਂ, ਬੱਲੇ, ਕਾਸ਼ ਅਤੇ ਹਾਏ ਸ਼ਬਦ ਵਿਸਮਕ ਹਨ। ਇਹਨਾਂ ਸ਼ਬਦਾਂ ਦਾ ਕੇਵਲ ਅਰਥ ਦੇ ਪੱਧਰ 'ਤੇ ਹੀ ਵਾਕ-ਬਣਤਰ ਉੱਪਰ ਅਸਰ ਪੈਂਦਾ ਹੈ। ਅਰਥ ਕਰਕੇ ਹੀ ਵਾਕ-ਬਣਤਰ ਵਿੱਚ ਇਹਨਾਂ ਸ਼ਬਦਾਂ ਦੀ ਪਛਾਣ ਹੋ ਸਕਦੀ ਹੈ।

ਆਮ ਤੌਰ 'ਤੇ ਇਹ ਸ਼ਬਦ ਵਾਕ ਦੇ ਸ਼ੁਰੂ ਵਿੱਚ ਹੀ ਆਉਂਦੇ ਹਨ ਅਤੇ ਇਹਨਾਂ ਦੇ ਰੂਪ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ। ਇਹਨਾਂ ਦੀ ਗਿਣਤੀ ਵੀ ਸੀਮਤ ਹੈ ਅਤੇ ਇਹਨਾਂ ਦੇ ਪਿੱਛੇ ਵਿਸਮਕ ਚਿੰਨ੍ਹ (!) ਦੀ ਵਰਤੋਂ ਜ਼ਰੂਰ ਕੀਤੀ ਜਾਂਦੀ ਹੈ।

ਜਦੋਂ ਅਸੀਂ ਕੁਝ ਬੋਲਦੇ ਹਾਂ ਤਾਂ ਸਾਡੇ ਚਿਹਰੇ ਦੇ ਹਾਵ-ਭਾਵ ਅਤੇ ਬੋਲਣ ਦੇ ਢੰਗ ਤੋਂ ਪਤਾ ਚੱਲ ਜਾਂਦਾ ਹੈ ਕਿ ਅਸੀਂ ਦੁੱਖ ਦੀ ਗੱਲ ਕਰ ਰਹੇ ਹਾਂ ਜਾਂ ਖੁਸ਼ੀ ਦੀ, ਹੈਰਾਨ ਹੋ ਰਹੇ ਹਾਂ ਜਾਂ ਸੰਬੋਧਨ ਕਰ ਰਹੇ ਹਾਂ ਪਰ ਲਿਖਤੀ ਰੂਪ ਵਿੱਚ ਇਹ ਜ਼ਿੰਮੇਵਾਰੀ ਵਿਸਮਕ ਨਿਭਾਉਂਦੇ ਹਨ। ਵਿਸਮਕ ਦੇ ਨੌਂ ਭੇਦ ਹੁੰਦੇ ਹਨ-

**1. ਪ੍ਰਸੰਸਾ ਵਾਚਕ ਵਿਸਮਕ –** ਉਹ ਸ਼ਬਦ ਜੋ ਮਨ ਦੀ ਖੁਸ਼ੀ ਅਤੇ ਪ੍ਰਸੰਸਾ ਆਦਿ ਪ੍ਰਗਟ ਕਰਨ ਲਈ ਵਰਤੇ ਜਾਣ, ਪ੍ਰਸੰਸਾ ਵਾਚਕ ਵਿਸਮਕ ਅਖਵਾਉਂਦੇ ਹਨ। ਜਿਵੇਂ – ਸ਼ਾਬਾਸ਼! ਤੂੰ ਸਕੂਲ ਦਾ ਨਾਂ ਰੌਸ਼ਨ ਕਰ ਦਿੱਤਾ। ਵਾਹ ! ਕਮਾਲ ਕਰ ਦਿੱਤਾ। ਸ਼ਾਬਾਸ਼ !, ਆਹਾ !, ਵਾਹ-ਵਾਹ !, ਬਹੁਤ ਅੱਛੇ ਆਦਿ ਪ੍ਰਸ਼ੰਸਾ ਵਾਚਕ ਸ਼ਬਦ ਹਨ।

**2. ਸ਼ੋਕ ਵਾਚਕ ਵਿਸਮਕ –** ਉਹ ਸ਼ਬਦ ਜੋ ਮਨ ਦੇ ਦੁੱਖ ਜਾਂ ਸ਼ੋਕ ਆਦਿ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ। ਜਿਵੇਂ –

ਹਾਏ ! ਮੇਰਾ ਕੁਝ ਨਾ ਰਿਹਾ।

ਅਫ਼ਸੋਸ ! ਉਹ ਮਰ ਗਿਆ।

ਹਾਏ ! ਤੋਬਾ ! ਉਫ਼ ! ਹਾਏ ਰੱਬਾ ! ਅਫ਼ਸੋਸ ਆਦਿ ਸ਼ੋਕ-ਵਾਚਕ ਵਿਸਮਕ ਹਨ।

**3. ਫਿਟਕਾਰ ਵਾਚਕ ਵਿਸਮਕ –** ਜਿਹੜੇ ਸ਼ਬਦ ਕਿਸੇ ਨੂੰ ਫਿਟਕਾਰ ਪਾਉਣ ਜਾਂ ਝਾੜ ਪਾਉਣ ਲਈ ਵਰਤੇ ਜਾਣ ਜਾਂ ਤ੍ਰਿਸਕਾਰ ਦੇ ਭਾਵ ਨੂੰ ਪ੍ਰਗਟ ਕਰਨ, ਫਿਟਕਾਰ ਵਾਚਕ ਵਿਸਮਕ ਹੁੰਦੇ ਹਨ। ਜਿਵੇਂ-

ਦਫ਼ਾ ਹੋ ! ਮੇਰੇ ਸਾਹਮਣੇ ਨਾ ਖੜ੍ਹਾ ਹੋ।

ਦਫ਼ਾ ! ਦੁਰ ਫਿੱਟੇ ਮੂੰਹ ! ਲੱਖ ਲਾਹਨਤ ! ਮਰ ਪਰ੍ਹੇ ! ਆਦਿ ਫਿਟਕਾਰ ਵਾਚਕ ਵਿਸਮਕ ਹਨ।

**4. ਹੈਰਾਨੀ ਵਾਚਕ ਵਿਸਮਕ –** ਜਿਹੜੇ ਸ਼ਬਦ ਹੈਰਾਨੀ ਜਾਂ ਅਸਚਰਜਤਾ ਦੇ ਭਾਵ ਪ੍ਰਗਟ ਕਰਨ। ਜਿਵੇਂ – ਹੈਂ ! ਤੇਰੇ 95% ਅੰਕ ਆਏ ! ਅੱਛਾ ! ਤੂੰ ਪਾਸ ਹੋ ਗਿਆ।

**5. ਸਤਿਕਾਰ ਵਿਸਮਕ –** ਜਿਹੜੇ ਸ਼ਬਦ ਕਿਸੇ ਦਾ ਸਤਿਕਾਰ, ਇੱਜ਼ਤ ਆਦਿ ਲਈ ਵਰਤੇ ਜਾਣ, ਸਤਿਕਾਰ ਵਾਚਕ ਵਿਸਮਕ ਹੁੰਦੇ ਹਨ। ਜਿਵੇਂ – ਧੰਨ ਭਾਗ! ਤੁਸੀਂ ਸਾਡੇ ਘਰ ਆਏ।

ਆਓ ਜੀ ! ਜੀ ਆਇਆਂ ਨੂੰ।

ਧੰਨ ਭਾਗ ! ਜੀ ਆਇਆ ਨੂੰ ! ਆਓ ਜੀ ! ਆਦਿ ਸ਼ਬਦ ਸਤਿਕਾਰ ਵਾਚਕ ਵਿਸਮਕ ਹਨ।

**6. ਅਸੀਸ ਵਾਚਕ ਵਿਸਮਕ –** ਜਿਹੜੇ ਸ਼ਬਦ ਕਿਸੇ ਨੂੰ ਅਸ਼ੀਰਵਾਦ ਦੇਣ ਲਈ ਵਰਤੇ ਜਾਣ, ਅਸੀਸ ਵਾਚਕ ਵਿਸਮਕ ਅਖਵਾਉਂਦੇ ਹਨ। ਜਿਵੇਂ- ਜਿਉਂਦੀ ਰਹੁ ! ਰੱਬ ਸਦਾ ਸੁਖੀ ਰੱਖੇ।

ਭਲਾ ਹੋਵੇ ! ਜਿਉਂਦੀ ਰਹੁ ! ਬੁੱਢ ਸੁਹਾਗਨ ਹੋਵੇ ! ਜੁਆਨੀਆਂ ਮਾਣੋ ! ਬੱਚੇ ਜੀਣ ! ਆਦਿ ਅਸੀਸ ਵਾਚਕ ਵਿਸਮਕ ਹਨ।

**7. ਇੱਛਾ ਵਾਚਕ ਵਿਸਮਕ –** ਜਿਹੜੇ ਸ਼ਬਦ ਮਨ ਦੀ ਇੱਛਾ ਜਾਂ ਸੱਧਰ ਨੂੰ ਪ੍ਰਗਟ ਕਰਨ ਲਈ ਵਰਤੇ ਜਾਣ, ਇੱਛਾ ਵਾਚਕ ਵਿਸਮਕ ਹੁੰਦੇ ਹਨ। ਜਿਵੇਂ – ਕਾਸ਼ ! ਮੈਂ ਵੀ ਅਮੀਰ ਹੁੰਦਾ।

ਰੱਬ ਕਰੇ ! ਇਸ ਵਾਰ ਫ਼ਸਲ ਚੰਗੀ ਹੋ ਜਾਵੇ।

ਰੱਬ ਕਰੇ ! ਕਾਸ਼ ! ਹੇ ਦਾਤਾ ! ਬਖਸ਼ਣਹਾਰ! ਆਦਿ ਸ਼ਬਦ ਇੱਛਾ ਵਾਚਕ ਵਿਸਮਕ ਹਨ।

**8. ਸੂਚਨਾ-ਵਾਚਕ ਵਿਸਮਕ –** ਜਿਹੜੇ ਸ਼ਬਦ ਕਿਸੇ ਨੂੰ ਸੂਚਨਾ ਦੇਣ, ਸੁਚੇਤ ਕਰਨ ਜਾਂ ਹੁਸ਼ਿਆਰ ਕਰਨ ਲਈ ਵਰਤੇ ਜਾਣ, ਸੂਚਨਾ ਵਾਚਕ ਵਿਸਮਕ ਅਖਵਾਉਂਦੇ ਹਨ। ਜਿਵੇਂ- ਖਬਰਦਾਰ ! ਇਹ ਗੱਲ ਦੁਬਾਰਾ ਨਾ ਕਰੀਂ। ਵੇਖਾ-ਵੇਖੀਂ ! ਆਦਿ ਸ਼ਬਦ ਸੂਚਨਾ ਵਾਚਕ ਵਿਸਮਕ ਹਨ।

**9. ਸੰਬੋਧਨੀ ਵਿਸਮਕ –** ਜਿਹੜੇ ਸ਼ਬਦ ਕਿਸੇ ਨੂੰ ਬੁਲਾਉਣ, ਸੰਬੋਧਤ ਕਰਨ ਜਾਂ ਅਵਾਜ਼ ਦੇਣ ਲਈ ਵਰਤੇ ਜਾਣ, ਸੰਬੋਧਨੀ ਵਿਸਮਕ ਹੁੰਦੇ ਹਨ। ਜਿਵੇਂ– ਓਏ ਮੁੰਡਿਆਂ ! ਗੱਲ ਸੁਣ ! ਨੀ ! ਤੂੰ ਸਿੱਧੀ ਘਰ ਚੱਲ!

ਨੀ !,

ਓਏ !, ਮੂਰਖੇ !, ਬੀਬਾ !, ਕਾਕਾ !, ਅੜੀਏ !, ਅੜਿਆ ! ਆਦਿ ਸ਼ਬਦ ਸੰਬੋਧਨੀ ਵਿਸਮਕ ਹਨ।

## ਸ਼ਬਦ ਸ਼ੁੱਧੀ

ਵਿਆਕਰਨ ਹਰ ਭਾਸ਼ਾ ਦਾ ਅਨਿਖੜਵਾਂ ਅੰਗ ਹੁੰਦਾ ਹੈ। ਹਰ ਭਾਸ਼ਾ ਦੀ ਆਪਣੀ ਨਿਵੇਕਲੀ ਵਿਆਕਰਨ ਹੁੰਦੀ ਹੈ। ਵਿਆਕਰਨ ਨੂੰ ਅਕਸਰ ਨੀਰਸ ਅਤੇ ਅਰੌਚਕ ਸਮਝਿਆ ਜਾਂਦਾ ਹੈ ਤੇ ਜਮਾਤੀ ਅਧਿਆਪਨ ਕਾਰਜ ਵਿੱਚ ਇਸ ਨੂੰ ਹਾਸ਼ੀਏ ਤੇ ਧੱਕ ਦਿੱਤਾ ਜਾਂਦਾ ਹੈ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਵੱਡੇ ਤੋਂ ਵੱਡੇ ਵਿਦਵਾਨ ਵੀ ਵਿਆਕਰਨ ਦੇ ਅਧਿਆਪਨ ਕਾਰਜ ਵਿਚ ਸਫ਼ਲ ਨਹੀਂ ਹੁੰਦੇ। ਪਰ ਵਿਆਕਰਨ ਦੀ ਮਦਦ ਤੋਂ ਬਿਨਾਂ ਇਕੱਲੇ ਸ਼ਬਦ ਅਰਥ–ਸੰਚਾਰ ਨਹੀਂ ਕਰ ਸਕਦੇ।

ਸ਼ਬਦ ਵਿਆਕਰਨ ਦੀ ਲਘੂਤਮ ਸਾਰਥਕ ਇਕਾਈ ਹੈ। ਸ਼ਬਦਾਂ ਤੋਂ ਵਾਕਾਂਸ਼, ਵਾਕਾਂਸ਼ਾਂ ਤੋਂ ਵਾਕਾਂ ਦੀ ਸਿਰਜਣਾ ਕੀਤੀ ਜਾਂਦੀ ਹੈ। ਜਨਮ ਤੋਂ ਹੀ ਮਨੁੱਖ ਸ਼ਬਦ ਸੁਣਦਾ, ਬੋਲਦਾ, ਆਤਮਸਾਤ ਕਰਦਾ, ਲਿਖਦਾ ਤੇ ਸਿਰਜਦਾ ਹੈ ਪਰ ਸਾਹਿਤ ਦੇ ਵਿਦਿਆਰਥੀ ਹੋਣ ਦੇ ਨਾਤੇ ਸਾਨੂੰ ਸ਼ਬਦਾਂ ਦੀ ਸਹੀ ਵਰਤੋਂ ਕਰਨੀ ਆਉਣੀ ਚਾਹੀਦੀ ਹੈ। ਪਾਠਕ੍ਰਮ ਵਿੱਚ ਨੌਵੀਂ ਜਮਾਤ ਵਿੱਚ ਸ਼ਬਦ–ਸ਼ੁੱਧੀ ਨੂੰ 3 ਅੰਕਾਂ ਦੀ ਵੇਟਜ਼ ਦਿੱਤੀ ਜਾਂਦੀ ਹੈ। ਬਹੁਵਿਕਲਪੀ ਪ੍ਰਸ਼ਨਾਂ ਰਾਹੀਂ ਵਿਦਿਆਰਥੀਆਂ ਦੇ ਸ਼ਬਦ–ਸ਼ੁੱਧੀ ਸੰਕਲਪ ਦੀ ਪਰਖ ਕੀਤੀ ਜਾਵੇਗੀ।

ਜਮਾਤ ਵਿੱਚ ਸ਼ਬਦ–ਸ਼ੁੱਧੀ ਦਾ ਅਧਿਆਪਨ ਕਰਨ ਤੋਂ ਪਹਿਲਾਂ ਅਧਿਆਪਕ ਬੋਲ–ਲਿਖਤ ਗਤੀਵਿਧੀ ਦਾ ਸਹਾਰਾ ਲੈ ਸਕਦਾ ਹੈ। ਇਸ ਤਰ੍ਹਾਂ ਸ਼ਬਦ–ਸ਼ੁੱਧੀ ਕਰਵਾਉਣ ਲਈ ਭੂਮਿਕਾ ਬੰਨੀ ਜਾ ਸਕਦੀ ਹੈ। ਫਿਰ ਅਸੀਂ ਸ਼ਬਦ–ਸ਼ੁੱਧੀ ਦੇ ਨੇਮ ਸਮਝਾ ਸਕਦੇ ਹਾਂ।

ਸ਼ਬਦ–ਜੋੜਾਂ ਦਾ ਅਧਾਰ ਭਾਵੇਂ ਉਚਾਰਨ ਨੂੰ ਹੀ ਮੰਨਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ 'ਜਿਵੇਂ ਬੋਲੋ ਤਿਵੇਂ ਲਿਖੋ' ਪਰ ਕੇਵਲ ਉਚਾਰਨ ਨੂੰ ਹੀ ਢੁੱਕਵੇਂ ਸ਼ਬਦ–ਜੋੜਾਂ ਦਾ ਅਧਾਰ ਨਹੀਂ ਸਮਝਿਆ ਜਾ ਸਕਦਾ ਜਿਵੇਂ–ਘੋੜਾ, ਸੰਘਾੜਾ ਅਤੇ ਸੰਘ। ਇਨ੍ਹਾਂ ਸ਼ਬਦਾਂ ਵਿੱਚ ਆਈ 'ਘ' ਧੁਨੀ ਦਾ ਉਚਾਰਨ ਤਾਂ ਭਾਵੇਂ ਵੱਖ–ਵੱਖ ਹੈ ਪਰ ਲਿਖਤੀ ਰੂਪ ਵਿੱਚ ਇਕੋ 'ਘ' ਧੁਨੀ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਗੱਲਾਂ ਨੂੰ ਹੀ ਧਿਆਨ ਵਿੱਚ ਰੱਖਦੇ ਹੋਏ ਵਿਦਵਾਨਾਂ ਦੁਆਰਾ ਸ਼ਬਦ–ਜੋੜਾਂ ਦੇ ਕੁਝ ਨਿਯਮ ਨਿਰਧਾਰਿਤ ਕੀਤੇ ਗਏ ਹਨ।

ਅਸੀਂ ਵਿਦਿਆਰਥੀਆਂ ਦੇ ਪੂਰਵ ਗਿਆਨ ਦੀ ਪਰਖ ਕਰਦਿਆਂ ਪੈਂਤੀ ਅੱਖਰੀ ਤੋਂ ਹੀ ਗੱਲਬਾਤ ਸ਼ੁਰੂ ਕਰਾਂਗੇ ਅਤੇ ਉਹਨਾਂ ਨਾਲ ਚਰਚਾ ਕਰਾਂਗੇ ਕਿ ਹਿੰਦੀ ਭਾਸ਼ਾ ਦੀ ਤੁਲਨਾ ਵਿੱਚ ਪੰਜਾਬੀ ਵਿਚ ਤਿੰਨ ਸਵਰ–ਵਾਹਕ (ੳ, ਅ, ੲ) ਹੁੰਦੇ ਹਨ ਜਿਨ੍ਹਾਂ ਦੀ ਮਦਦ ਨਾਲ 10 ਸਵਰ ਬਣਾਏ ਜਾਂਦੇ ਹਨ–

ੳ – ਔਂਕੜ (ਉ), ਦੁਲੈਂਕੜ (ਊ) ਤੇ ਹੋੜਾ (ਓ)

ਅ – ਮੁਕਤਾ (ਅ), ਕੰਨਾ (ਆ), ਦੁਲਾਵਾਂ (ਐ) ਤੇ ਕਨੌੜਾ (ਔ)

ੲ – ਸਿਹਾਰੀ (ਇ), ਬਿਹਾਰੀ (ਈ), ਤੇ ਲਾਂ (ਏ)

ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਨੂੰ ਲਿਪੀਬੱਧ ਕਰਨ ਲਈ ਤਿੰਨ ਲਗਾਖਰਾਂ (ਬਿੰਦੀ ਂ , ਟਿੱਪੀ ੰ ਤੇ ਅੱਧਕ ੱ ) ਦੀ ਵਰਤੋਂ ਕਰਦੇ ਹਾਂ। ਵਿਦਿਆਰਥੀਆਂ ਨੂੰ ਬਿੰਦੀ ਅਤੇ ਟਿੱਪੀ ਵਿਚਲੇ ਫ਼ਰਕ ਨੂੰ ਸਪੱਸ਼ਟ ਕਰਨ

ਲਈ ਹੇਠਲੇ ਨੁਕਤਿਆਂ ਤੇ ਧਿਆਨ ਦਿੱਤਾ ਜਾਵੇਗਾ। ਬਿੰਦੀ ਅਤੇ ਟਿੱਪੀ ਦੀ ਵਰਤੋਂ ਅਨੁਨਾਸਿਕ ਧੁਨੀਆਂ ਲਈ ਕੀਤੀ ਜਾਂਦੀ ਹੈ।

1) ਬਿੰਦੀ - ਇਸ ਨਾਲ ਛੇ (6) ਲਗਾਂ ਮਾਤਰਾ ਦੀ ਵਰਤੋਂ ਕੀਤੀ ਜਾਂਦੀ ਹੈ।

| ਕੰਨਾ ( ਾ ), | ਬਿਹਾਰੀ ( ੀ ), | ਲਾਂ ( ੇ ), | ਦੁਲਾਵਾਂ ( ੈ ), | ਹੋੜਾ ( ੋ ) | ਅਤੇ ਕਨੌੜਾ ( ੌ ) |
|---|---|---|---|---|---|
| ਮਾਂ | ਮੀਂਹ | ਗੇਂਦ | ਪੈਂਤੀ | ਹੋਂਦ | ਭੌਂਕਦਾ |

2) ਟਿੱਪੀ ੰ ਇਸ ਦੀ ਵਰਤੋਂ ਚਾਰ ਅਨੁਨਾਸਿਕ ਧੁਨੀਆਂ ਨਾਲ ਕੀਤੀ ਜਾਂਦੀ ਹੈ-

| ਮੁਕਤਾ (ਅ) | ਸਿਹਾਰੀ ( ਿ ) | ਔਂਕੜ ( ੁ ) | ਦੁਲੈਂਕੜ ( ੂ ) |
|---|---|---|---|
| ਅੰਬ | ਸਿੰਘ | ਮੁੰਦਰੀ | ਮੂੰਹ, ਭੂੰਡ |

ਧਿਆਨਯੋਗ ਗੱਲ ਇਹ ਹੈ ਕਿ ਬਿੰਦੀ ਅਤੇ ਟਿੱਪੀ ਦੀ ਵਰਤੋਂ ਇਕੋ ਥਾਂ ਤੇ ਨਹੀਂ ਕੀਤੀ ਜਾਂਦੀ ਭਾਵ ਦੋਹਾਂ ਵਿੱਚੋਂ ਇੱਕ ਦੀ ਹੀ ਵਰਤੋਂ ਕੀਤੀ ਜਾ ਸਕਦੀ ਹੈ।

3) ਅੱਧਕ ੱ ਹਿੰਦੀ ਭਾਸ਼ਾ ਵਾਂਗ ਪੰਜਾਬੀ ਭਾਸ਼ਾ ਵਿਚ ਕੋਈ ਅੱਧਾ ਅੱਖਰ ਨਹੀਂ ਹੁੰਦਾ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਦੂਹਰੀ ਆਵਾਜ਼ ਦੀ ਥਾਂ ਤੇ ਪੰਜਾਬੀ ਵਿੱਚ ਅੱਧਕ ( ੱ ) ਦੀ ਵਰਤੋਂ ਕੀਤੀ ਜਾਂਦੀ ਹੈ। ਮਿਸਾਲ ਲਈ-

बच्चा - ਬੱਚਾ    पक्का - ਪੱਕਾ

कच्चा - ਕੱਚਾ    खट्टा - ਖੱਟਾ

ਬੱਚਿਆਂ ਨੂੰ ਸਮਝਾਇਆ ਜਾਣਾ ਚਾਹੀਦਾ ਹੈ ਕਿ ਜਿਸ ਧੁਨੀ ਦੀ ਦੂਹਰੀ ਆਵਾਜ਼ ਆਵੇ, ਉਸ ਤੋਂ ਪਹਿਲੇ ਵਾਲੇ ਅੱਖਰ/ਧੁਨੀ ਤੇ ਹੀ ਅੱਧਕ ਲਾਇਆ ਜਾਂਦਾ ਹੈ। ਅੱਗੇ-ਪਿੱਛੇ ਅੱਧਕ ਲਾਉਣ ਨਾਲ ਅਰਥਾਂ ਦਾ ਸਹੀ ਸੰਚਾਰ ਨਹੀਂ ਹੋ ਪਾਉਂਦਾ।

ਪੰਜਾਬੀ ਸ਼ਬਦ-ਜੋੜ ਵਿੱਚ 'ਹ' ਧੁਨੀ ਨਾਲ ਸੰਬੰਧਿਤ ਕੁੱਝ ਨਿਯਮ ਹਨ -

1) 'ਹ' ਅੱਖਰ ਜਦੋਂ ਸ਼ਬਦ ਦੇ ਵਿਚਕਾਰ ਆਉਂਦਾ ਹੈ ਅਤੇ ਉਸ ਤੋਂ ਪਹਿਲਾਂ ਆਉਂਦੇ ਅੱਖਰ ਨੂੰ ਸਿਹਾਰੀ ਲੱਗੀ ਹੋਈ ਹੈ ਤਾਂ ਉਚਾਰਨ 'ਏ' ਵਿੱਚ ਹੁੰਦਾ। ਜਿਵੇਂ- ਮਿਹਨਤ, ਮਿਹਣਾ, ਵਿਹਲਾ, ਸਿਹਰਾ ਆਦਿ।

2) ਜੇ ਸ਼ਬਦ ਦੇ ਵਿਚਕਾਰ 'ਹ' ਅੱਖਰ ਹੋਵੇ ਅਤੇ ਇਸ ਤੋਂ ਪਹਿਲੇ ਅੱਖਰ ਨੂੰ ਔਂਕੜ ( ੁ ) ਲੱਗਾ ਹੋਵੇ ਤਾਂ ਉਸਦਾ ਉਚਾਰਨ ਓ ਵਿੱਚ ਹੁੰਦਾ ਹੈ ਜਿਵੇਂ - ਸੁਹਣਾ, ਕੁਹਜ, ਸੁਹੱਪਣ, ਸੁਹਾਵਨਾ ਆਦਿ।

3) ਜੇ ਸ਼ਬਦ ਦੇ ਵਿਚਕਾਰ 'ਹ' ਅੱਖਰ ਹੋਵੇ ਤੇ ਉਸ ਅੱਖਰ ਨੂੰ ਔਂਕੜ ( ੁ ) ਲੱਗਾ ਹੋਵੇ ਤਾਂ ਉਸ ਦਾ ਉਚਾਰਨ (ਔ) ਵਿਚ ਹੋਵੇਗਾ। ਜਿਵੇਂ - ਵਹੁਟੀ, ਪਹੁੰਚੀ, ਸਹੁਰਾ ਆਦਿ।

4) ਜੇ 'ਹ' ਅੱਖਰ ਵਿਚਕਾਰ ਹੋਵੇ ਅਤੇ ਹਾਹੇ ਨੂੰ ਹੀ ਸਿਹਾਰੀ ਲੱਗੀ ਹੋਵੇ ਤਾਂ ਉਸਦਾ ਉਚਾਰਨ 'ਐ' ਵਿਚ ਹੁੰਦਾ ਹੈ ਜਿਵੇਂ-ਕਹਿਰ, ਪਹਿਰ, ਲਹਿਰ, ਨਹਿਰ, ਸ਼ਹਿਰ ਆਦਿ।

5) ਜੇ 'ਹ' ਤੋਂ ਪਹਿਲਾਂ ਕਿਸੇ ਅੱਖਰ ਨਾਲ ਹੋੜਾ ( ੋ ) ਲੱਗਿਆ ਹੁੰਦਾ ਹੈ ਤਾਂ ਪੰਜਾਬੀ ਦੇ ਮੂਲ ਸ਼ਬਦਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਜਿਵੇਂ - ਬੋਹੜ, ਪੋਹ, ਲੋਹ। ਪਰ ਕੁਝ ਸ਼ਬਦਾਂ ਬਾਰੇ ਤੇ ਇਹ ਨਿਯਮ ਲਾਗੂ ਨਹੀਂ ਹੁੰਦਾ ਜਿਵੇਂ-ਮੁਹੱਬਤ, ਮੁਹਲਤ, ਤੁਹਮਤ ਆਦਿ।

ਪੰਜਾਬੀ ਵਿਚ 'ਨ' ਅਤੇ 'ਣ' ਦੀ ਸਹੀ ਵਰਤੋਂ ਬਾਰੇ ਵੀ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਵਿਦਿਆਰਥੀ ਇਨ੍ਹਾਂ ਨੂੰ ਰਲਗੱਡ ਕਰ ਦਿੰਦੇ ਹਨ।

1. ਜਿਨ੍ਹਾਂ ਕਿਰਿਆਤਮਕ ਮੂਲ ਸ਼ਬਦਾਂ ਦੀ ਅੰਤਿਮ ਧੁਨੀ ਣ, ਰ, ਲ ਜਾਂ ੜ ਹੈ। ਉਹਨਾਂ ਦੀ ਅੰਤਿਮ ਕਿਰਿਆ 'ਨ' ਲਗਾ ਕੇ ਬਣਾਉਣੀ ਸਹੀ ਹੈ। ਜਿਵੇਂ

| **ਅਸ਼ੁੱਧ** | **ਸ਼ੁੱਧ** | **ਅਸ਼ੁੱਧ** | **ਸ਼ੁੱਧ** |
|---|---|---|---|
| ਚੜ੍ਹਣਾ | ਚੜ੍ਹਨਾ | ਕਰਣਾ | ਕਰਨਾ |
| ਵਿਆਕਰਣ | ਵਿਆਕਰਨ | ਪੂਰਣ | ਪੂਰਨ |
| ਪੜ੍ਹਣਾ | ਪੜ੍ਹਨਾ | | |

2. ਜਿਨ੍ਹਾਂ ਕਿਰਿਆਤਮਕ ਮੂਲ ਸ਼ਬਦਾਂ ਦੀ ਅੰਤਿਮ ਧੁਨੀ 'ਣ, ਰ, ਲ ਅਤੇ ੜ ਨਹੀਂ ਹੈ, ਸਗੋਂ ਕੋਈ ਹੋਰ ਮਾਤਰਾ ਜਾਂ ਵਿਅੰਜਨ ਹੈ ਤਾਂ ਉਹਨਾਂ ਦੀ ਅੰਤਿਮ ਕਿਰਿਆ 'ਣ' ਨਾਲ ਕੰਨਾ ਲਗਾ ਕੇ ਬਣਾਉਣੀ ਸਹੀ ਹੈ।

| **ਅਸ਼ੁੱਧ** | **ਸ਼ੁੱਧ** | **ਅਸ਼ੁੱਧ** | **ਸ਼ੁੱਧ** |
|---|---|---|---|
| ਖਾਨਾ | ਖਾਣਾ | ਲਿਖਨਾ | ਲਿਖਣਾ |
| ਖਿਡਾਉਨਾ | ਖਿਡਾਉਣਾ | | |

3. ਹਿੰਦੀ ਭਾਸ਼ਾ ਵਿੱਚ ਕਈ ਸ਼ਬਦ ਸਿਹਾਰੀ ( ਿ ) ਅੰਤ ਵਾਲੇ ਹੁੰਦੇ ਹਨ ਪਰ ਪੰਜਾਬੀ ਵਿੱਚ ਸ਼ਬਦ ਦੇ ਅੰਤਲੇ ਅੱਖਰ ਨਾਲ ਸਿਹਾਰੀ ਜਾਂ ਔਂਕੜ ਨਹੀਂ ਲੱਗਦੀ।

| **ਅਸ਼ੁੱਧ** | **ਸ਼ੁੱਧ** | **ਅਸ਼ੁੱਧ** | **ਸ਼ੁੱਧ** |
|---|---|---|---|
| ਕਵਿ | ਕਵੀ | ਪਤਿ | ਪਤੀ |
| ਭੂਮਿ | ਭੂਮੀ | ਝੰਡੁ | ਝੰਡੂ |

4. ਸੰਸਕ੍ਰਿਤ ਦੇ ਸ਼ਬਦਾਂ ਦਾ ਪੰਜਾਬੀ ਰੂਪ ਲਿਖਣ ਵੇਲੇ ਅੰਤ ਵਿੱਚ ਆਉਣ ਵਾਲੇ 'ਯ' ਦੀ ਥਾਂ ਪਹਿਲੇ ਅੱਖਰ ਨੂੰ ਲੋੜੀਂਦੀ ਮਾਤਰਾ ਲਾਈ ਜਾਂਦੀ ਹੈ–

| **ਅਸ਼ੁੱਧ** | **ਸ਼ੁੱਧ** | **ਅਸ਼ੁੱਧ** | **ਸ਼ੁੱਧ** |
|---|---|---|---|
| ਆਰੀਯ | ਆਰੀਆ | ਰਾਸ਼ਟ੍ਰੀਯਾ | ਰਾਸ਼ਟਰੀ |
| ਨਿਰਭਯ | ਨਿਰਭੈ | ਹਿਮਾਲਯ | ਹਿਮਾਲਾ |

5. ਪੰਜਾਬੀ ਵਿਆਕਰਨ ਵਿੱਚ ਜਿਹੜੇ ਸ਼ਬਦ ਵਿੱਚ ਪਹਿਲੇ ਦੋਵੇਂ ਦੀਰਘ ਸਵਰ ਹੁੰਦੇ ਹਨ ਤਾਂ ਉਹਨਾਂ ਵਿੱਚ ਪਹਿਲਾ ਲਘੂ ਬਣ ਜਾਂਦਾ ਹੈ ਜਿਵੇਂ

| **ਅਸ਼ੁੱਧ** | **ਸ਼ੁੱਧ** | **ਅਸ਼ੁੱਧ** | **ਸ਼ੁੱਧ** |
|---|---|---|---|
| ਆਕਾਸ਼ | ਅਕਾਸ਼ | ਆਜ਼ਾਦ | ਅਜ਼ਾਦ |
| ਸਾਧਾਰਨ | ਸਧਾਰਨ | | |

6. ਸੰਸਕ੍ਰਿਤ ਭਾਸ਼ਾ ਦੇ ਮੂਲ ਸ਼ਬਦਾਂ ਦੇ ਅੰਤ ਵਿਚ ਜਿੱਥੇ ਸੰਯੁਕਤ ਵਿਅੰਜਨ ਵਰਤੇ ਜਾਂਦੇ ਹਨ, ਉਥੇ ਪੰਜਾਬੀ ਵਿੱਚ ਇਹ ਵਿਅੰਜਨ ਅੱਡ–ਅੱਡ ਕਰਕੇ ਲਿਖੇ ਜਾਂਦੇ ਹਨ। ਮਿਸਾਲ ਲਈ–

| **ਅਸ਼ੁੱਧ** | **ਸ਼ੁੱਧ** | **ਅਸ਼ੁੱਧ** | **ਸ਼ੁੱਧ** |
|---|---|---|---|
| ਇੰਦ੍ਰ | ਇੰਦਰ | ਪੁੱਤ੍ਰ | ਪੁੱਤਰ |
| ਅੰਗ੍ਰੇਜ਼ੀ | ਅੰਗਰੇਜ਼ੀ | | |

ਭਾਸ਼ਾ ਇਕ ਵਹਿੰਦੇ ਦਰਿਆ ਵਾਂਗ ਹੈ ਜਿਸ ਵਿੱਚ ਸ਼ਬਦ-ਜੋੜਾਂ ਤੇ ਸ਼ਬਦ-ਸ਼ੁੱਧੀ ਦਾ ਘੇਰਾ ਬਹੁਤ ਵਿਆਪਕ ਹੈ। ਸਮੇਂ ਦੇ ਪਰਿਵਰਤਨ ਨਾਲ ਇਸ ਦੇ ਨਿਯਮਾਂ ਵਿੱਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਲਈ ਅਧਿਆਪਕ ਨੂੰ ਆਪਣੇ ਗਿਆਨ ਪੱਧਰ ਨੂੰ ਸਮੇਂ ਦਾ ਹਾਣੀ ਬਣਾਉਣਾ ਚਾਹੀਦਾ ਹੈ। ਹੁਣ ਅਧਿਆਪਕ ਬਲੈਕ-ਬੋਰਡ ਅਤੇ ਫਲੈਸ਼ ਕਾਰਡ ਰਾਹੀਂ ਬਹੁ-ਵਿਕਲਪੀ ਪ੍ਰਸ਼ਨਾਂ ਦਾ ਅਭਿਆਸ ਕਰਵਾ ਸਕਦੇ ਹਨ।

## ਸਮਾਸੀ ਸ਼ਬਦ ਅਤੇ ਬਹੁਆਰਥਕ ਸ਼ਬਦ

ਮਨੁੱਖ ਜਨਮ ਤੋਂ ਹੀ ਭਾਸ਼ਾ ਸੁਣਦਾ, ਅਨੁਕਰਨ ਰਾਹੀਂ ਸਿੱਖਦਾ, ਘੋਖਦਾ ਤੇ ਆਤਮਸਾਤ ਕਰ ਉਸ ਦੀ ਸਿਰਜਨਾਤਮਕ ਕਾਰਜਾਂ ਵਿੱਚ ਵਰਤੋਂ ਕਰਦਾ ਹੈ। ਇਸ ਸੰਚਾਰ ਮਾਧਿਅਮ ਨੂੰ ਸਿੱਖਣ ਦੀ ਪ੍ਰਕਿਰਿਆ ਵਿਚ ਮਨੁੱਖ ਇਸ ਦੇ ਨੇਮਾਂ ਨੂੰ ਵੀ ਆਪ-ਮੁਹਾਰੇ ਹੀ ਸਿੱਖ ਜਾਂਦਾ ਹੈ।

ਭਾਸ਼ਾ ਇਕ ਜੀਵੰਤ ਵਿਸ਼ਾ ਹੈ। ਭਾਸ਼ਾ ਦੇ ਵਿਗਿਆਨਕ ਅਧਿਐਨ ਨੂੰ ਭਾਸ਼ਾ-ਵਿਗਿਆਨ ਕਿਹਾ ਜਾਂਦਾ ਹੈ। ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ 'ਸ਼ਬਦ' ਭਾਸ਼ਾ ਦੀ ਸਭ ਤੋਂ ਛੋਟੀ ਸਾਰਥਕ ਇਕਾਈ ਹੈ। 'ਸ਼ਬਦਾਂ' ਦਾ ਅਧਿਐਨ ਕਰਦਿਆਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਬੁਨਿਆਦੀ ਇਕਾਈ ਦਾ ਵਰਗੀਕਰਨ ਕਈ ਅਧਾਰਾਂ ਤੇ ਕੀਤਾ ਜਾਂਦਾ ਹੈ।




ਇਸੇ ਪਰਿਪੇਖ ਵਿਚ ਜਦ ਅਸੀਂ ਦਸਵੀਂ ਜਮਾਤ ਦੇ ਪਾਠਕ੍ਰਮ ਅਤੇ ਪ੍ਰਸ਼ਨ ਪੱਤਰ ਦੇ ਨਮੂਨੇ ਨੂੰ ਦੇਖਦੇ ਹਾਂ ਤਾਂ ਵਿਆਕਰਨ ਭਾਗ ਅਧੀਨ ਸਾਡੇ ਕੋਲ ਦੋ ਵੰਨਗੀਆਂ ਹਨ-ਸਮਾਸੀ ਅਤੇ ਬਹੁਆਰਥਕ ਸ਼ਬਦ। ਵਿਦਿਆਰਥੀਆਂ ਨੂੰ ਇਹਨਾਂ ਦੋਵੇਂ ਵੰਨਗੀਆਂ ਵਿੱਚੋਂ ਚਾਰ-ਚਾਰ ਅੰਕ ਦੇ ਬਹੁ-ਵਿਕਲਪੀ ਪ੍ਰਸ਼ਨ ਆਉਣਗੇ।

ਵਿਚਾਰਾਧੀਨ ਸਭ ਤੋਂ ਪਹਿਲਾਂ ਸਮਾਸੀ ਸ਼ਬਦਾਂ ਬਾਰੇ ਗੱਲ ਕਰਾਂਗੇ। ਸਮਾਸੀ ਸ਼ਬਦ ਦੋ ਵੱਖਰੀ ਭਾਂਤ ਦੇ ਸੁਤੰਤਰ ਜਾਂ ਬੰਧੇਜੀ ਭਾਵਾਸ਼ਾਂ (ਸ਼ਬਦਾਂ) ਨੂੰ ਜੋੜ ਕੇ ਬਣਦੇ ਹਨ। ਇਸ ਤਰ੍ਹਾਂ ਨਵੇਂ ਸ਼ਬਦਾਂ ਦੀ ਸਿਰਜਨਾ ਹੁੰਦੀ ਹੈ। ਪੰਜਾਬੀ ਭਾਸ਼ਾ ਵਿੱਚ ਸਮਾਸੀ ਸ਼ਬਦਾਂ ਦੇ ਨਿਰਮਾਣ ਵੇਲੇ ਸਮਾਸ-ਸੂਚਕ ਚਿੰਨ੍ਹ 'ਜੋੜਨੀ' ਦੀ ਵਰਤੋਂ ਹੁੰਦੀ ਹੈ। ਜੋੜਨੀ ਦੀ ਵਰਤੋਂ ਯੋਜਕਾਂ ਅਤੇ ਸੰਬੰਧਕਾਂ ਨੂੰ ਹਟਾ ਕੇ ਸ਼ਬਦਾਂ ਦੇ ਸੰਖੇਪ ਰੂਪ ਨੂੰ ਪੇਸ਼ ਕੀਤਾ ਜਾਂਦਾ ਹੈ। ਜਿਵੇਂ-

1. ਅਮੀਰ ਅਤੇ ਗਰੀਬ ਤੋਂ ਅਮੀਰ-ਗਰੀਬ
2. ਘੋੜੇ ਤੇ ਸਵਾਰ ਤੋਂ ਘੁੜ-ਸਵਾਰ

3. ਦਾਲ ਅਤੇ ਚਾਵਲ ਤੋਂ ਦਾਲ-ਚਾਵਲ

4. ਦੇਸ ਦਾ ਭਗਤ ਤੋਂ ਦੇਸ-ਭਗਤ

5. ਜਗਤ ਦਾ ਗੁਰੂ ਤੋਂ ਜਗਤ-ਗੁਰੂ

ਸਮਾਸੀ ਸ਼ਬਦਾਂ ਦੀ ਬਣਤਰ ਦੇ ਹਿਸਾਬ ’ਤੇ ਇਨ੍ਹਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ-

1. ਦੋ ਵੱਖ-ਵੱਖ ਸ਼ਬਦਾਂ ਨੂੰ ਜੋੜ ਕੇ ਬਣਾਏ ਜਾਣ ਵਾਲੇ ਸਮਾਸੀ ਸ਼ਬਦ। ਜਿਵੇਂ-
   (1) ਭੂ ਦਾ ਖੰਡ - ਭੂ-ਖੰਡ (2) ਲੋਕਾਂ ਦਾ ਰਾਜ - ਲੋਕ-ਰਾਜ
   (3) ਆਤਮ ਦਾ ਘਾਤ - ਆਤਮ-ਘਾਤ (4) ਰਸ ਨਾਲ ਭਰੀ - ਰਸ-ਭਰੀ
   (5) ਸਰਬ ਦਾ ਗਿਆਤਾ - ਸਰਬ-ਗਿਆਤਾ (6) ਸੰਸਾਰ ਦੀ ਜੰਗ - ਸੰਸਾਰ-ਜੰਗ
2. ਸਮਾਨ ਅਰਥਾਂ ਵਾਲੇ ਦੋ ਸ਼ਬਦਾਂ ਨੂੰ ਮਿਲਾ ਕੇ ਬਣਦੇ ਸਮਾਸੀ ਸ਼ਬਦ। ਜਿਵੇਂ -
   (1) ਜਿੰਦ ਅਤੇ ਜਾਨ - ਜਿੰਦ-ਜਾਨ (2) ਟੁੱਟ ਅਤੇ ਭੱਜ - ਟੁੱਟ-ਭੱਜ
   (3) ਵਿਆਹ ਅਤੇ ਸ਼ਾਦੀ - ਵਿਆਹ-ਸ਼ਾਦੀ
3. ਨੇੜੇ ਦੇ ਅਰਥਾਂ ਵਾਲੇ ਸ਼ਬਦਾਂ ਨੂੰ ਮਿਲਾ ਕੇ ਬਣਦੇ ਸਮਾਸੀ ਸ਼ਬਦ। ਜਿਵੇਂ-
   (1) ਅਨੰਦ ਅਤੇ ਮੰਗਲ - ਅਨੰਦ-ਮੰਗਲ (2) ਵੇਦ ਤੇ ਪੁਰਾਣ - ਵੇਦ-ਪੁਰਾਣ
   (3) ਰੰਗ ਅਤੇ ਬਿਰੰਗਾ - ਰੰਗ-ਬਿਰੰਗਾ (4) ਰੁਪਿਆ ਤੇ ਪੈਸਾ - ਰੁਪਿਆ-ਪੈਸਾ
4. ਦੋ ਵਿਰੋਧੀ ਅਰਥਾਂ ਵਾਲੇ ਸ਼ਬਦਾਂ ਤੋਂ ਬਣਦੇ ਸਮਾਸੀ ਸ਼ਬਦ ਜਿਵੇਂ-
   (1) ਦੁੱਖ ਤੇ ਸੁੱਖ - ਦੁੱਖ-ਸੁੱਖ (2) ਦੂਰ ਤੇ ਨੇੜੇ - ਦੂਰ-ਨੇੜੇ
   (3) ਭਲਾ ਅਤੇ ਬੁਰਾ - ਬੁਰਾ-ਭਲਾ (4) ਉੱਤੇ ਤੇ ਥੱਲੇ - ਉੱਤੇ-ਥੱਲੇ
5. ਇੱਕੋ ਸ਼ਬਦਾਂ ਦੇ ਦੁਹਰਾਏ ਜਾਣ ਵਾਲੇ ਸ਼ਬਦਾਂ ਤੋਂ ਬਣਦੇ ਸਮਾਸੀ ਸ਼ਬਦ ਜਿਵੇਂ-
   (1) ਹੱਥ ਹੀ ਹੱਥ ਵਿੱਚ - ਹੱਥੋ-ਹੱਥ (2) ਹੌਲੀ ਅਤੇ ਹੌਲੀ - ਹੌਲੀ-ਹੌਲੀ
   (3) ਵੈਰ ਅਤੇ ਵਿਰੋਧ - ਵੈਰ-ਵਿਰੋਧ

## ਅਗੇਤਰ-ਪਿਛੇਤਰ

ਕਿਸੇ ਵੀ ਭਾਸ਼ਾ ਵਿੱਚ ਪ੍ਰਚਲਿਤ ਅਤੇ ਪ੍ਰਵਾਨਿਤ ਧੁਨੀਆਂ ਦੇ ਸਾਰਥਕ ਜੋੜ ਨੂੰ ਸ਼ਬਦ ਕਿਹਾ ਜਾਂਦਾ ਹੈ।

ਵੱਖ-ਵੱਖ ਨੇਮਾਂ ਅਨੁਸਾਰ ਸ਼ਬਦਾਂ ਦੀ ਰਚਨਾ ਕਰਨ ਨੂੰ ਸ਼ਬਦ-ਰਚਨਾ ਕਹਿੰਦੇ ਹਨ। ਬਣਤਰ ਦੇ ਹਿਸਾਬ ਨਾਲ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ-

1. ਮੂਲ ਸ਼ਬਦ
2. ਰਚਿਤ ਸ਼ਬਦ

**ਮੂਲ ਸ਼ਬਦ -** ਮੂਲ ਸ਼ਬਦ ਉਹਨਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ, ਜਿਹੜੇ ਕਿਸੇ ਦੂਸਰੇ ਦੀ ਸਹਾਇਤਾ ਬਿਨਾਂ ਆਪਣੇ ਆਪ ਬਣੇ ਹੋਣ। ਮੂਲ ਸ਼ਬਦ ਆਪਣੇ ਆਪ ਵਿਚ ਇੱਕ ਪੂਰਨ ਇਕਾਈ ਹੁੰਦੇ ਹਨ ਅਤੇ ਇਹਨਾਂ ਨੂੰ ਅੱਗੋਂ ਤੋੜਿਆ ਨਹੀਂ ਜਾ ਸਕਦਾ। ਜਿਵੇਂ-ਡਰ, ਦੁੱਖ, ਸੁੱਖ, ਪੜ੍ਹ, ਝਾੜੂ ਆਦਿ।

**ਰਚਿਤ ਸ਼ਬਦ -** ਰਚਿਤ ਸ਼ਬਦ ਉਹਨਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ, ਜਿਹੜੇ ਹੋਰ ਸ਼ਬਦ ਜਾਂ ਸ਼ਬਦਾਂਸ ਦੀ ਸਹਾਇਤਾ ਨਾਲ ਬਣੇ ਹੋਣ। ਜਿਵੇਂ - ਬੇ ਤੋਂ ਬੇਕਾਰ, ਪੜ੍ਹ ਤੋਂ ਪੜ੍ਹਾਈ ਆਦਿ।

ਰਚਿਤ ਸ਼ਬਦਾਂ ਦੇ ਅੱਗੇ ਦੋ ਭੇਦ ਹੁੰਦੇ ਹਨ–

**1. ਸਮਾਸੀ ਸ਼ਬਦ –** ਇਹ ਸ਼ਬਦ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਜੋੜ ਕੇ ਬਣਾਏ ਜਾਂਦੇ ਹਨ। ਜਿਵੇਂ ਕੰਮ–ਕਾਰ, ਸਰਬ–ਵਿਆਪਕ, ਹਰ–ਮਨ–ਪਿਆਰਾ।

**2. ਉਤਪੰਨ ਸ਼ਬਦ –** ਉਹ ਰਚਿਤ ਸ਼ਬਦ, ਜਿਹੜੇ ਮੂਲ ਸ਼ਬਦਾਂ ਨਾਲ ਅਗੇਤਰ ਜਾਂ ਪਿਛੇਤਰ ਲੱਗ ਕੇ ਬਣਨ, ਉਹਨਾਂ ਨੂੰ ਉਤਪੰਨ ਸ਼ਬਦ ਆਖਦੇ ਹਨ। ਜਿਵੇਂ–ਨਿਰਵੈਰ (ਨਿਰ+ਵੈਰ), ਕੁਚੱਜੀ (ਕੁ+ਚੱਜੀ) ਆਦਿ।

## ਅਗੇਤਰ

ਉਹ ਸ਼ਬਦ ਜਾਂ ਸ਼ਬਦਾਂਸ਼ ਜਿਹੜੇ ਕਿਸੇ ਸ਼ਬਦ ਦੇ ਅੱਗੇ ਲੱਗ ਕੇ ਨਵਾਂ ਸ਼ਬਦ ਬਣਾਉਂਦੇ ਹਨ। ਉਹਨਾਂ ਨੂੰ ਅਗੇਤਰ ਕਹਿੰਦੇ ਹਨ। ਅਗੇਤਰ ਸਾਰਥਕ ਹੁੰਦੇ ਹਨ ਭਾਵ ਉਹਨਾਂ ਦਾ ਇੱਕ ਅਰਥ ਹੁੰਦਾ ਹੈ ਅਤੇ ਉਹਨਾਂ ਨੂੰ ਜਿਹੜੇ ਸ਼ਬਦਾਂ ਨਾਲ ਜੋੜਿਆ ਜਾਂਦਾ ਹੈ, ਉਹਨਾਂ ਦਾ ਵੀ ਆਪਣਾ ਇੱਕ ਅਰਥ ਹੁੰਦਾ ਹੈ। ਇਹਨਾਂ ਦੋਹਾਂ (ਸ਼ਬਦਾਂਸ਼+ਸ਼ਬਦ) ਨੂੰ ਜੋੜ ਕੇ ਜਿਹੜਾ ਨਵਾਂ ਸ਼ਬਦ ਬਣਦਾ ਹੈ, ਉਸ ਨਵੀਨ ਸ਼ਬਦ ਦਾ ਵੀ ਇੱਕ ਅਰਥ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਪਰਉਪਕਾਰ ਸ਼ਬਦ ਲਈਏ। ਇਸ ਵਿੱਚ ਅਗੇਤਰ ਪਰ ਹੈ ਅਤੇ ਮੂਲ ਉਪਕਾਰ। ਪਰ ਦਾ ਅਰਥ ਹੈ ਪਰਾਇਆ ਅਤੇ ਉਪਕਾਰ ਦਾ ਅਰਥ ਹੈ ਭਲਾ–ਭਾਵ ਕਿਸੇ ਪਰਾਏ ਜਾਂ ਦੂਸਰੇ ਦਾ ਭਲਾ ਕਰਨ ਵਾਲਾ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਅਗੇਤਰ ਸ਼ਬਦ ਸਾਰਥਕ ਹੋਣਾ ਚਾਹੀਦਾ ਹੈ, ਇਸ ਨਾਲ ਜੋੜਿਆ ਜਾਣ ਵਾਲਾ ਸ਼ਬਦ ਅਤੇ ਜੋੜ ਬਣਿਆ ਨਵਾਂ ਸ਼ਬਦ ਵੀ ਸਾਰਥਕ ਹੋਣਾ ਚਾਹੀਦਾ ਹੈ।

ਪਰੀਖਿਆ ਵਿੱਚ ਮੂਲ ਸ਼ਬਦਾਂ ਜਾਂ ਅਗੇਤਰ–ਪਿਛੇਤਰ ਦੇ ਅਰਥ ਨਹੀਂ ਲਿਖਣੇ ਹੁੰਦੇ ਪਰ ਅਰਥਾਂ ਦੇ ਗਿਆਨ ਨਾਲ ਹੀ ਅਸੀਂ ਠੀਕ ਸ਼ਬਦ–ਜੋੜ ਬਣਾ ਸਕਦੇ ਹਾਂ।

ਹੇਠਾਂ ਅਸੀਂ ਕੁਝ ਅਗੇਤਰਾਂ ਨਾਲ ਵਧੇਤਰ ਲਗਾ ਕੇ ਨਵੇਂ ਸ਼ਬਦ ਬਣਾਉਂਦੇ ਹਾਂ–

ਉ (ਨਾਂਹ–ਵਾਚਕ) ਉਨੀਂਦਰਾ, ਉਲੰਘਣਾ

ਉਪ (ਛੋਟਾ) ਉਪਵਾਕ, ਉਪਨਾਮ

ਅ (ਨਾਂਹ ਵਾਚਕ) ਅਜਿੱਤ, ਅਸਹਿ

ਅੱਧ (ਅੱਧਾ) ਅੱਧਮੋਇਆ, ਅੱਧਖਿੜਿਆ

ਸੁ (ਚੰਗਾ) ਸੁਪੁੱਤਰ, ਸੁੱਚਜਾ

ਸਹਿ (ਨਾਲ) ਸਹਿਪਾਠੀ, ਸਹਿਯੋਗੀ

ਕਮ (ਘੱਟ) ਕਮਅਕਲ, ਕਮਜ਼ੋਰ

ਕਲ (ਬੁਰਾ) ਕਲਜੋਗਣ, ਕਲਮੂੰਹੀ

ਖੁਸ਼ (ਚੰਗਾ) ਖੁਸ਼ਨਸੀਬ, ਖੁਸ਼ਹਾਲ

ਗ਼ੈਰ (ਬਿਨਾਂ/ਨਾਂਹ ਵਾਚਕ) ਗ਼ੈਰਹਾਜ਼ਰ, ਗ਼ੈਰਜ਼ਿੰਮੇਵਾਰ

ਚੁ (ਚਾਰ) ਚੌਗੁਣਾ, ਚੌਪਈ

ਦੁਰ (ਬੁਰਾ) ਦੁਰਦਸ਼ਾ, ਦੁਰਗੰਧ

ਦੂਰ (ਦੂਰੀ) ਦੂਰਦਰਸ਼ੀ, ਦੂਰਦ੍ਰਿਸ਼ਟੀ

ਨਾ (ਨਾਂਹ ਵਾਚਕ) ਨਾਮਿਲਵਰਤਨ, ਨਾਖੁਸ਼

ਨਿਰ (ਨਾਂਹ ਵਾਚਕ) ਨਿਰਵੈਰ, ਨਿਰਗੁਣ

ਪਰ (ਪਰਾਇਆ) ਪਰਲੋਕ, ਪਰਦੇਸ

ਪਰਮ (ਵੱਡਾ) ਪਰਮਾਤਮਾ, ਪਰਮੇਸ਼ਵਰ

ਮਹਾਂ (ਵੱਡਾ) ਮਹਾਂਕਾਲ, ਮਹਾਂਸਾਗਰ

ਲਾ (ਬਿਨਾਂ) ਲਾਇਲਾਜ, ਲਾਜਵਾਬ

## ਪਿਛੇਤਰ

ਪਿਛੇਤਰ ਲਗਾ ਕੇ ਵੀ ਉਤਪੰਨ ਸ਼ਬਦ ਬਣਦੇ ਹਨ। ਉਹ ਸ਼ਬਦ ਜਾਂ ਸ਼ਬਦਾਂਸ ਜੋ ਕਿਸੇ ਹੋਰ ਸਾਰਥਕ ਸ਼ਬਦਾਂ ਦੇ ਪਿੱਛੇ ਲੱਗ ਕੇ ਨਵਾਂ ਸਾਰਥਕ ਸ਼ਬਦ ਬਣਾਉਣ, ਉਸਨੂੰ ਪਿਛੇਤਰ ਕਹਿੰਦੇ ਹਨ। ਇਹ ਸ਼ਬਦ ਦੇ ਅੰਤ ਵਿੱਚ ਲੱਗ ਕੇ ਉਸਦੇ ਅਰਥ ਨੂੰ ਬਦਲ ਦਿੰਦਾ ਹੈ। ਨਵੇਂ ਬਣੇ ਸ਼ਬਦਾਂ ਦੇ ਵੀ ਅਰਥ ਹੋਣੇ ਜ਼ਰੂਰੀ ਹਨ। ਪਿਛੇਤਰ ਕਦੇ ਵੀ ਨਿਰਾਰਥਕ ਸ਼ਬਦ ਨਾਲ ਨਹੀਂ ਲੱਗਦਾ। ਮਿਸਾਲ ਦੇ ਤੌਰ 'ਤੇ 'ਰਾਤ' ਅਤੇ 'ਪਰਾਤ' ਸ਼ਬਦ 'ਤ' ਪਿਛੇਤਰ ਨਾਲ ਬਣੇ ਹਨ, ਕਹਿਣਾ ਗਲਤ ਹੈ, ਕਿਉਂਕਿ 'ਤ' ਅੱਖਰ ਹਟਾਉਣ ਨਾਲ 'ਰਾ' ਅਤੇ 'ਪਰਾ' ਨਿਰਾਰਥਕ ਸ਼ਬਦ ਬਚ ਜਾਣਗੇ। ਪਰ 'ਰੰਗਤ' ਅਤੇ 'ਸੰਗਤ' ਸ਼ਬਦ 'ਤ' ਪਿਛੇਤਰ ਨਾਲ ਹੀ ਬਣੇ ਹਨ, ਕਿਉਂਕਿ 'ਤ' ਹਟਾਉਣ ਤੇ 'ਰੰਗ' ਅਤੇ 'ਸੰਗ' ਸਾਰਥਕ ਸ਼ਬਦ ਬਚਦੇ ਹਨ।

ਇੱਕ ਮੂਲਾਂਸ਼ ਨਾਲ ਇੱਕ ਤੋਂ ਵੱਧ ਪਿਛੇਤਰ ਲਾਏ ਜਾ ਸਕਦੇ ਹਨ। ਜਿਵੇਂ– ਘੱਟ–ਘਟੀ–ਘਟੀਆ–ਘਟੀਆਪਨ।

ਸਾਰਥਕ ਸ਼ਬਦਾਂ ਨਾਲ ਪਿਛੇਤਰ ਲੱਗਣ ਤੋਂ ਬਾਅਦ ਸਾਰਥਕ ਸ਼ਬਦ ਹੀ ਬਣਨਾ ਚਾਹੀਦਾ ਹੈ।

ਹੁਣ ਕੁਝ ਪਿਛੇਤਰਾਂ ਦੀ ਵਰਤੋਂ ਕਰਕੇ ਨਵੇਂ ਸ਼ਬਦ ਬਣਾਉਂਦੇ ਹਾਂ–

ਊ – ਪੇਟੂ, ਕਮਾਊ

ਓ – ਜਾਓ, ਕਮਾਓ

ਅਈ – ਮਲਵਈ, ਸੁਰਮਈ

ਆਵਲੀ – ਸ਼ਬਦਾਵਲੀ, ਹਰਿਅਵਾਲੀ

ਆਕਲ – ਸ਼ਰਮਾਕਲ, ਡਰਾਕਲ

ਈਅਲ – ਸੜੀਅਲ, ਮਰੀਅਲ

ਸਾਰ – ਮਿਲਣਸਾਰ, ਤੜਕਸਾਰ

ਹਾਰ – ਪਾਲਣਹਾਰ, ਹੋਣਹਾਰ

ਕ – ਲੇਖਕ, ਪਾਠਕ

ਕਾਰੀ – ਗੁਣਕਾਰੀ, ਪੱਤਰਕਾਰੀ

ਖ਼ੋਰ – ਰਿਸ਼ਵਤਖੋਰ, ਚੁਗ਼ਲਖੋਰ

ਖਾਨਾ – ਦਵਾਖਾਨਾ, ਡਾਕਖਾਨਾ

ਗਾਰ – ਗੁਨਾਹਗਾਰ, ਪਰਵਦਗਾਰ

ਗੀ – ਬੰਦਗੀ, ਗੰਦਗੀ

ਚਾਰੀ – ਕਰਮਚਾਰੀ, ਪ੍ਰਾਹੁਣਾਚਾਰੀ

ਨਾ – ਸੁਣਨਾ, ਪੜ੍ਹਨਾ

ਨੀ - ਸ਼ੇਰਨੀ, ਜਾਦੂਗਰਨੀ

ਦਾਨੀ - ਸੁਰਮੇਦਾਨੀ, ਚਾਹਦਾਨੀ

ਮੰਦ - ਫ਼ਿਕਰਮੰਦ, ਸਿਹਤਮੰਦ

ਵਾਨ - ਗਿਆਨਵਾਨ, ਸੋਝੀਵਾਨ

## ਬਹੁਅਰਥਕ

ਅਗਲਾ ਵਿਸ਼ਾ ਬਹੁਅਰਥਕ ਸ਼ਬਦ ਹਨ। ਬਹੁ-ਅਰਥਕਤਾ ਦਾ ਸੰਕਲਪ ਅਰਥ-ਵਿਗਿਆਨ ਵਿੱਚ ਆਉਂਦਾ ਹੈ। ਅਰਥ ਵਿਗਿਆਨ ਵੀ ਭਾਸ਼ਾ-ਵਿਗਿਆਨ ਦੀ ਹੀ ਇਕ ਸਾਖਾ ਹੈ। ਬਹੁ-ਅਰਥਕਤਾ ਵਿੱਚ ਇੱਕ ਸ਼ਬਦ ਨੂੰ ਵਿਭਿੰਨ ਸਥਿਤੀਆਂ ਵਿਚ ਵਰਤਿਆ ਜਾਂਦਾ ਹੈ ਭਾਵ ਸ਼ਬਦ ਇਕ ਹੀ ਹੁੰਦਾ ਹੈ ਪਰ ਉਸ ਦੀ ਵਰਤੋਂ ਵਧੇਰੇ ਅਰਥਾਂ ਲਈ ਕੀਤੀ ਜਾਂਦੀ ਹੈ। ਜਿਵੇਂ- 'ਮਾਤਾ' ਇਕ ਸ਼ਬਦ ਹੈ ਪਰ ਵੱਖੋ-ਵੱਖਰੇ ਸੰਦਰਭਾਂ ਵਿੱਚ ਇਸ ਦੀ ਵਰਤੋਂ ਵੱਖਰੀ ਹੁੰਦੀ ਹੈ। ਜਿਵੇਂ -'ਮਾਤਾ' ਮਾਂ ਵਾਸਤੇ, ਦੇਵੀ ਵਾਸਤੇ ਅਤੇ ਚੇਚਕ (ਇਕ ਬਿਮਾਰੀ) ਲਈ ਵੀ ਵਰਤਿਆ ਜਾਂਦਾ ਹੈ।

ਸ਼ਬਦਾਂ ਦੇ ਵੱਖਰੇ ਅਰਥ ਅਸਲ ਵਿੱਚ ਉਸ ਦੀਆਂ ਅਰਥ-ਪਰਤਾਂ ਦੇ ਸੂਚਕ ਹਨ। ਅਰਥ-ਪਰਤਾਂ ਦੇ ਵਧੇਰੇ ਹੋਣ ਦੇ ਨਾਲ-ਨਾਲ ਸ਼ਬਦ ਦੇ ਜੁੜੇ ਹੋਏ ਗਹਿਨ ਅਰਥਾਂ ਕਰਕੇ ਵੀ ਬਹੁ-ਅਰਥਕਤਾ ਆਉਂਦੀ ਹੈ। ਜਿਵੇਂ- 'ਖੋਤਾ' ਇਕ ਜਾਨਵਰ ਹੈ। ਕਈ ਸਥਿਤੀਆਂ ਵਿੱਚ 'ਖੋਤਾ' ਆਦਮੀ ਲਈ ਵੀ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਵਿਚ ਜਾਨਵਰ ਵਿਚਲੇ ਮਾੜੇ ਗੁਣਾਂ ਨੂੰ ਆਦਮੀ ਦੇ ਗੁਣਾਂ ਨਾਲ ਜੋੜਿਆ ਜਾਂਦਾ ਹੈ।

ਬਹੁ-ਅਰਥਕ ਸ਼ਬਦਾਂ ਦੀ ਸੂਚੀ ਬਹੁਤ ਵੱਡੀ ਹੈ। ਇਸ ਦੇ ਕੁਝ ਉਦਾਹਰਨ ਇਸ ਤਰ੍ਹਾਂ ਹਨ- ਸਰ, ਸੱਟ, ਸਾਰ, ਕਾਜ, ਕਾਲ, ਖੱਟੀ, ਕੋਟ, ਘੜੀ, ਜਾਗ, ਡੰਡੀ, ਤਿਲਕ, ਧਾਰ, ਵੱਟ, ਵਾਰ ਆਦਿ।

ਇਥੇ ਇਕ ਗੱਲ ਧਿਆਨ ਦੇਣ ਯੋਗ ਹੈ ਕਿ ਵਿਦਿਆਰਥੀ ਨੂੰ ਬਹੁ ਅਰਥਕ ਸ਼ਬਦਾਂ ਬਾਰੇ ਜਾਣਕਾਰੀ ਦਿੰਦੇ ਹੋਏ ਸਮਾਨਰਥੀ ਸ਼ਬਦਾਂ ਬਾਰੇ ਚਰਚਾ ਕਰਨੀ ਬਣਦੀ ਹੈ। ਵਿਦਿਆਰਥੀ ਇਸ ਵਿਚ ਅਕਸਰ ਭੁਲੇਖਾ ਖਾ ਜਾਂਦੇ ਹਨ।

ਸਮਾਨਾਰਥਕ ਸ਼ਬਦਾਂ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਜਦੋਂ ਇੱਕੋ ਸਥਿਤੀ, ਵਸਤੂ ਆਦਿ ਨੂੰ ਪ੍ਰਗਟਾਉਣ ਲਈ ਇੱਕ ਤੋਂ ਵਧੇਰੇ ਸ਼ਬਦ ਰੂਪਾਂ ਦੀ ਵਰਤੋਂ ਕੀਤੀ ਜਾਵੇ ਤਾਂ ਇਨ੍ਹਾਂ ਸ਼ਬਦ ਰੂਪਾਂ ਨੂੰ ਸਮਾਨਰਥਕ ਸ਼ਬਦ ਕਿਹਾ ਜਾਂਦਾ ਹੈ। ਸਮਾਨਾਰਥਕ ਸ਼ਬਦਾਂ ਦੀ ਸਥਾਪਤੀ ਲਈ ਵੱਡਾ ਅਧਾਰ ਭਾਸ਼ਾਵਾਂ ਦਾ ਮੇਲ ਹੈ। ਜਦੋਂ ਦੋ ਭਾਸ਼ਾਵਾਂ ਦੇ ਲੋਕ ਇਕ ਲੰਮਾ ਸਮਾਂ ਮੇਲ ਵਿੱਚ ਰਹਿੰਦੇ ਹਨ ਤਾਂ ਇੱਕ ਭਾਸ਼ਾ ਦੇ ਸ਼ਬਦ ਦੂਜੀ ਭਾਸ਼ਾ ਦੇ ਸ਼ਬਦਾਂ ਵਿੱਚ ਰੱਲ-ਗੱਡ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਵਰਤੋਂ ਵਿਕਲਪ ਦੇ ਰੂਪ ਵਿੱਚ ਹੋਣ ਲੱਗਦੀ ਹੈ। ਜਿਵੇਂ-ਸੁਹਣਾ, ਸੁੰਦਰ ਅਤੇ ਖੂਬਸੂਰਤ ਤਿੰਨ ਵਿਸ਼ੇਸ਼ਣ ਸ਼ਬਦ ਹਨ। ਇਹ ਇਕ ਦੂਜੇ ਦੀ ਥਾਂ ਤੇ ਆਮ ਵਰਤ ਲਏ ਜਾਂਦੇ ਹਨ।

ਇਸ ਤਰ੍ਹਾਂ ਸਮਾਨਾਰਥੀ ਸ਼ਬਦਾਂ ਦੇ ਕੁਝ ਉਦਾਹਰਨ ਇਸ ਤਰ੍ਹਾਂ ਹਨ-

1. ਸ਼ਾਮ, ਸੰਝ, ਤਰਕਾਲਾਂ
2. ਆਥਣ, ਸਵੇਰ, ਪਹੁਫੁਟਾਲਾ, ਸਰਘੀ ਵੇਲਾ
3. ਉੱਤਮ, ਚੰਗਾ, ਸ੍ਰੇਸ਼ਠ

4. ਅਮੀਰ, ਦੌਲਤਮੰਦ, ਮਾਲਦਾਰ

5. ਸਖ਼ਤ, ਕਠੋਰ, ਕਰੜਾ ਆਦਿ।

ਇਸ ਤਰ੍ਹਾਂ ਪਾਠਕ੍ਰਮ ਅਨੁਸਾਰ ਦੋਵੇਂ ਸੰਕਲਪਾਂ (ਸਮਾਸੀ ਸ਼ਬਦ ਅਤੇ ਬਹੁ-ਅਰਥਕ ਸ਼ਬਦਾਂ) ਬਾਰੇ ਉੱਪਰ ਗੰਭੀਰ ਚਰਚਾ ਕਰ ਆਏ ਹਾਂ। ਹੁਣ ਅਧਿਆਪਕ ਜਮਾਤ ਵਿੱਚ ਆਪਣੀ ਲੋੜ ਅਨੁਸਾਰ ਇਨ੍ਹਾਂ ਸੰਕਲਪਾਂ ਤੇ ਅਧਾਰਿਤ ਬਹੁ-ਵਿਕਲਪੀ ਪ੍ਰਸ਼ਨ ਬਣਾ ਕੇ ਵਿਦਿਆਰਥੀਆਂ ਦੇ ਗਿਆਨ ਦੀ ਪਰਖ ਕਰ ਸਕਦੇ ਹਨ।

## ਮੁਹਾਵਰੇ

ਭਾਸ਼ਾ ਸੰਚਾਰ ਦਾ ਸਭ ਤੋਂ ਵਧੀਆ ਸਾਧਨ ਮੰਨਿਆ ਜਾਂਦਾ ਹੈ। ਇਸ ਦੇ ਦੋ ਰੂਪ ਹਨ- ਮੌਖਿਕ ਤੇ ਲਿਖਤੀ। ਭਾਸ਼ਾ ਦੇ ਇਨ੍ਹਾਂ ਦੋਹਾਂ ਰੂਪਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਮੁਹਾਵਰੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਿਸੇ ਵੀ ਸਾਹਿਤਕਾਰ ਦੀ ਵਿਲੱਖਣ ਪਛਾਣ ਉਸਦੀ ਸ਼ੈਲੀ ਹੀ ਹੁੰਦੀ ਹੈ। ਹਰ ਸਾਹਿਤਕਾਰ ਦੀ ਆਪਣੀ ਨਿਵੇਕਲੀ ਲਿਖਣ-ਸ਼ੈਲੀ ਹੁੰਦੀ ਹੈ। ਭਾਸ਼ਾ ਨੂੰ ਪ੍ਰਭਾਵਸ਼ਾਲੀ ਅਰਥ ਭਰਪੂਰ, ਡੂੰਘੀ ਤੇ ਨਿਵੇਕਲੀ ਬਣਾਉਣ ਲਈ ਮੁਹਾਵਰੇ, ਅਖਾਣ, ਅਲੰਕਾਰ ਤੇ ਰਸ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਵਿਦਿਆਰਥੀਆਂ ਦੇ ਪੂਰਵ ਗਿਆਨ ਵਿਚ ਮੁਹਾਵਰੇ ਦਾ ਸੰਕਲਪ ਵਿਦਮਾਨ ਹੁੰਦਾ ਹੈ ਪਰ ਨੌਵੀਂ-ਦਸਵੀਂ ਜਮਾਤ ਵਿਚ ਇਸ ਦਾ ਪੱਧਰ ਪਹਿਲਾਂ ਨਾਲੋਂ ਉਚੇਰਾ ਹੋ ਜਾਂਦਾ ਹੈ-ਸੋ ਅਧਿਆਪਕ ਨੂੰ ਮੁਹਾਵਰੇ ਦਾ ਭਾਵ, ਤੱਤ, ਵਿਸ਼ੇਸ਼ਤਾ ਤੇ ਵਿਲੱਖਣਤਾ ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਪ੍ਰਸ਼ਨ-ਪੱਤਰ ਵਿਚ ਇਸ ਨੂੰ 4 ਅੰਕਾਂ ਦੀ ਵੇਟਜ਼ ਦਿੱਤੀ ਗਈ ਹੈ।

'ਮੁਹਾਵਰਾ' ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਕਥਨ ਦੀ ਕਿਰਿਆ ਜਾਂ ਬੋਲਚਾਲ। ਮੁਹਾਵਰੇ ਦਾ ਸਰਬ-ਪ੍ਰਵਾਨਿਤ ਅਰਥ ਸ਼ਬਦਾਂ ਤੇ ਵਾਕਾਂਸ਼ਾਂ ਦੀ ਖ਼ਾਸ ਅਰਥਾਂ ਵਿਚ ਵਰਤੋਂ ਹੈ। ਮੁਹਾਵਰੇ ਆਮ ਵਰਤੋਂ ਵਿਚ ਆਉਣ ਵਾਲੇ ਸ਼ਬਦ-ਸਮੂਹ ਜਾਂ ਵਾਕਾਂਸ਼ ਹੁੰਦੇ ਹਨ ਜਿਨ੍ਹਾਂ ਦਾ ਸ਼ਬਦ-ਅਰਥ ਜਾਂ ਬਾਹਰਮੁਖੀ ਅਰਥ ਤਾਂ ਸਾਧਾਰਨ ਹੀ ਹੁੰਦਾ ਹੈ ਪਰ ਭਾਵਾਰਥ ਖ਼ਾਸ, ਡੂੰਘਾ ਤੇ ਲੁਕਵਾਂ ਹੁੰਦਾ ਹੈ ਅਤੇ ਇਹਨਾਂ ਗੂੜ੍ਹ ਅਰਥਾਂ ਨੂੰ ਜਨਸਮੂਹ ਨੇ ਪ੍ਰਵਾਨਗੀ ਦਿੱਤੀ ਹੁੰਦੀ ਹੈ। ਇਸੇ ਕਰਕੇ ਮੁਹਾਵਰੇ ਆਮ ਤੌਰ 'ਤੇ ਜਨਸਮੂਹ ਦੀ ਜ਼ਬਾਨ ਉੱਤੇ ਚੜ੍ਹੇ ਹੁੰਦੇ ਹਨ।

ਮੁਹਾਵਰੇ ਦੀ ਵਰਤੋਂ ਸਦਾ ਵਾਕ ਵਿਚ ਹੀ ਹੁੰਦੀ ਹੈ। ਵਾਕ ਵਿਚਲੀ ਵਰਤੋਂ ਹੀ ਮੁਹਾਵਰੇ ਦੇ ਪ੍ਰਭਾਵ ਨੂੰ ਤਿੱਖਾ ਕਰਦੀ ਹੈ। ਇਕੱਲਾ ਮੁਹਾਵਰਾ ਲਿਖ ਜਾਂ ਬੋਲ ਦਿੱਤਾ ਜਾਵੇ ਤਾਂ ਇਸ ਦਾ ਕੋਈ ਅਰਥ ਨਹੀਂ ਹੁੰਦਾ। ਮੁਹਾਵਰਿਆਂ ਦੀ ਵਰਤੋਂ ਨਾਲ ਭਾਸ਼ਾ ਵਿੱਚ ਗੰਭੀਰਤਾ ਵਧਦੀ ਹੈ, ਸਥਾਨਕ ਰੰਗ ਉੱਘੜਦਾ ਹੈ, ਮਿਠਾਸ ਆਉਂਦੀ ਹੈ ਅਤੇ ਲੌਕਿਕਤਾ ਵਿਚ ਵਾਧਾ ਹੁੰਦਾ ਹੈ। ਮੁਹਾਵਰੇ ਦੀ ਕਿਰਿਆ, ਵਚਨ, ਪੁਰਖ, ਲਿੰਗ ਤੇ ਕਾਲ ਆਦਿ ਲੋੜ ਅਨੁਸਾਰ ਤਬਦੀਲ ਕੀਤੇ ਜਾ ਸਕਦੇ ਹਨ ਪਰ ਮੁਹਾਵਰੇ ਦੀ ਵਰਤੋਂ ਅਜਿਹੇ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ ਕਿ ਉਸਦੇ ਅਸਲੀ ਅਰਥਾਂ ਦੀ ਸਮਝ ਝਟਪਟ ਆ ਜਾਵੇ।

ਅਧਿਆਪਕ ਨੇ ਮੁਹਾਵਰੇ ਅਤੇ ਅਖਾਣ ਵਿਚਲੇ ਫ਼ਰਕ ਦੀ ਚਰਚਾ ਕਰਨੀ ਹੈ ਕਿਉਂਕਿ ਬਹੁਤੇ ਵਿਦਿਆਰਥੀ ਇਨ੍ਹਾਂ ਵਿਚ ਭੁਲੇਖਾ ਖਾ ਜਾਂਦੇ ਹਨ। ਅਖਾਣ, ਮੁਹਾਵਰੇ ਨਾਲੋਂ ਵੱਡੇ ਹੁੰਦੇ ਹਨ। ਇਹ ਸਿਆਣਿਆਂ ਦੀਆਂ ਆਖੀਆਂ ਹੋਈਆਂ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਜੀਵਨ ਦੀ ਅਟੱਲ ਸਚਾਈ ਹੁੰਦੀ ਹੈ ਅਤੇ ਇਹ ਪੀੜ੍ਹੀ ਦਰ ਪੀੜ੍ਹੀ ਚਲਦੇ ਰਹਿੰਦੇ ਹਨ। ਅਖਾਣਾਂ ਦੀ ਵਰਤੋਂ ਵਾਕ ਵਿਚ ਕਹੀ ਗੱਲ ਦੀ ਪ੍ਰੋੜਤਾ ਕਰਨ ਲਈ ਕੀਤੀ

ਜਾਂਦੀ ਹੈ। ਜਦਕਿ ਮੁਹਾਵਰੇ ਵਾਕ ਵਿਚ ਚਮਤਕਾਰੀ ਅਰਥ ਸਿਰਜਦੇ ਹਨ। ਮੁਹਾਵਰੇ ਵਿਚ ਕਿਰਿਆ, ਲਿੰਗ, ਵਚਨ, ਕਾਲ ਲੋੜ ਅਨੁਸਾਰ ਬਦਲ ਜਾਂਦੇ ਹਨ ਪਰ ਅਖਾਣ ਵਿਚ ਲਿੰਗ, ਵਚਨ, ਕਿਰਿਆ, ਕਾਲ ਲੋੜ ਅਨੁਸਾਰ ਨਹੀਂ ਬਦਲਦੇ।

ਪਾਠਕ੍ਰਮ – ਨੌਵੀਂ ਜਮਾਤ ਵਿੱਚ ੳ ਤੋਂ ਹ ਤੱਕ ਅਤੇ ਦਸਵੀਂ ਜਮਾਤ ਵਿਚ ਕ ਤੋਂ ਝ ਤੱਕ ਮੁਹਾਵਰੇ ਹਨ। ਇਥੇ ਅਸੀਂ ਕੁਝ ਕੁ ਉਦਾਹਰਨਾਂ ਦੇ ਰਹੇ ਹਾਂ–

1. ਉਂਗਲ ਕਰਨੀ – (ਦੋਸ਼ ਲਾਉਣਾ) ਬਿਨਾਂ ਸਬੂਤ ਕਿਸੇ ਵੱਲ ਉਂਗਲ ਕਰਨੀ ਠੀਕ ਨਹੀਂ।

2. ਅੱਖਾਂ ਫੇਰ ਲੈਣਾ – (ਬਦਲ ਜਾਣਾ) ਮਤਲਬੀ ਲੋਕ ਆਪਣੇ ਕੰਮ ਕਢਵਾ ਕੇ ਅੱਖਾਂ ਫੇਰ ਲੈਂਦੇ ਹਨ।

3. ਇੱਕ ਅੱਖ ਨਾਲ ਵੇਖਣਾ – (ਸਭ ਨੂੰ ਬਰਾਬਰ ਸਮਝਣਾ) ਮਾਂ ਪਿਉ ਆਪਣੇ ਬੱਚਿਆਂ ਨੂੰ ਇੱਕ ਅੱਖ ਨਾਲ ਵੇਖਦੇ ਹਨ।

4. ਸਿਰ ਖਾਣਾ – (ਤੰਗ ਕਰਨਾ) ਅਧਿਆਪਕ ਦੇ ਗ਼ੈਰ–ਹਾਜ਼ਰ ਹੋਣ ਤੇ ਵਿਦਿਆਰਥੀ ਸਿਰ ਖਾ ਜਾਂਦੇ ਹਨ।

5. ਹੱਥ ਵਟਾਉਣਾ – (ਮਦਦ ਕਰਨੀ) ਅੱਜਕਲ੍ਹ ਦੇ ਮੁੰਡੇ ਵੀ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦੇ ਹਨ।

6. ਉਂਗਲਾਂ ਤੇ ਨਚਾਉਣਾ – (ਵੱਸ ਵਿੱਚ ਕਰਨਾ) ਅੱਜਕਲ੍ਹ ਦੇ ਬੱਚੇ ਵੱਡਿਆਂ ਨੂੰ ਉਂਗਲਾਂ ਤੇ ਨਚਾਉਂਦੇ ਹਨ।

7. ਅੱਖਾਂ ਵਿੱਚ ਰੜਕਣਾ – (ਬੁਰਾ ਲੱਗਣਾ) ਮਾੜੇ ਕੰਮ ਕਰਨ ਵਾਲੇ ਹਰ ਕਿਸੇ ਦੀ ਅੱਖਾਂ ਵਿੱਚ ਰੜਕਦੇ ਹਨ।

8. ਇੱਟ–ਕੁੱਤੇ ਦਾ ਵੈਰ ਹੋਣਾ – (ਦੁਸ਼ਮਣੀ ਹੋਣਾ) ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਦਾ ਇੱਟ–ਕੁੱਤੇ ਦਾ ਵੈਰ ਹੈ।

9. ਸਿਰ ’ਤੇ ਰੱਖਣਾ – (ਸਤਿਕਾਰ ਕਰਨਾ) ਸਾਨੂੰ ਆਪਣੇ ਵੱਡਿਆਂ ਨੂੰ ਸਿਰ ’ਤੇ ਰੱਖਣਾ ਚਾਹੀਦਾ ਹੈ।

10. ਹੱਥ–ਪੈਰ ਮਾਰਨੇ – (ਜਤਨ ਕਰਨਾ) ਮੁਕਾਬਲੇ ਦੇ ਦੌਰ ’ਚ ਸਫਲਤਾ ਹਾਸਲ ਕਰਨ ਲਈ ਹੱਥ ਪੈਰ ਮਾਰਨੇ ਪੈਂਦੇ ਹਨ।

11. ਕੰਨ ਭਰਨੇ – (ਚੁਗਲੀ ਕਰਨਾ) ਸਾਨੂੰ ਕਦੇ ਵੀ ਕਿਸੇ ਦੇ ਵਿਰੁੱਧ ਦੂਜਿਆਂ ਦੇ ਕੰਨ ਨਹੀਂ ਭਰਨੇ ਚਾਹੀਦੇ।

12. ਖੁੰਬ ਠੱਪਣਾ – (ਬਹੁਤ ਮਾਰਨਾ) ਚੋਰੀ ਦੇ ਇਲਜ਼ਾਮ ਵਿਚ ਹਰਮਨ ਦੀ ਪੁਲਿਸ ਨੇ ਚੰਗੀ ਖੁੰਬ ਠੱਪੀ।

13. ਗੰਢ ਦਾ ਪੂਰਾ ਹੋਣਾ – (ਆਪਣਾ ਹਿਸਾਬ ਠੀਕ ਰੱਖਣਾ) ਰਜਨੀਸ਼ ਸਭ ਦੇ ਸਾਹਮਣੇ ਤਾਂ ਭਾਵੇਂ ਝੱਲੀਆਂ ਗੱਲਾਂ ਕਰਦਾ ਹੈ ਪਰ ਗੰਢ ਦਾ ਪੂਰਾ ਹੈ।

14. ਘੱਟਾ ਉਡਾਉਣਾ – (ਬਦਨਾਮੀ ਕਰਨੀ) ਜਦੋਂ ਜਸਨੀਤ ਨੇ ਕਿਸੇ ਤਰੀਕੇ ਵੀ ਆਪਣੀ ਸਹੇਲੀ ਦੀ ਗੱਲ ਨਾ ਮੰਨੀ ਤਾਂ ਫਿਰ ਉਸ ਦੀ ਸਹੇਲੀ ਨੇ ਘੱਟਾ ਉਡਾਉਣਾ ਸ਼ੁਰੂ ਕਰ ਦਿੱਤਾ।

15. ਚੜ੍ਹਾਈ ਕਰ ਜਾਣਾ – (ਮਰ ਜਾਣਾ) ਉਸ ਦੇ ਪਿਤਾ ਜੀ ਦੀ ਚੜ੍ਹਾਈ ਕਰ ਜਾਣ ਦੀ ਖ਼ਬਰ ਨਾਲ ਮੈਨੂੰ ਧੱਕਾ ਲੱਗਾ।

16. ਛਾਉਣੀ ਪਾਉਣੀ – (ਡੇਰਾ ਪਾ ਕੇ ਬੈਠਣਾ) ਮਰੀਜ ਦਾ ਪਤਾ ਕਰਨ ਗਏ ਰਿਸ਼ਤੇਦਾਰ ਹਸਪਤਾਲ ਵਿਚ ਹੀ ਛਾਉਣੀ ਪਾ ਲੈਂਦੇ ਹਨ।

17. ਜਾਨ ਮਾਰਨਾ – (ਸਖ਼ਤ ਮਿਹਨਤ ਕਰਨੀ) ਕੋਈ ਵੀ ਕੰਮ ਜਾਨ ਮਾਰੇ ਬਿਨਾਂ ਸਿਰੇ ਨਹੀਂ ਚੜ੍ਹਦਾ।

18. ਝਾੜ ਲੈਣਾ – (ਠਗ ਲੈਣਾ) ਬੱਚੇ ਲਾਡ–ਲਾਡ ਵਿਚ ਦਾਦੀ ਤੋਂ ਪੈਸੇ ਝਾੜ ਲੈਂਦੇ ਹਨ।

# ਪੜ੍ਹਨ ਕੌਸ਼ਲ

## (ਅਣਡਿੱਠਾ ਪੈਰਾ ਅਤੇ ਅਣਡਿੱਠੀ ਕਾਵਿ-ਟੁਕੜੀ)

ਭਾਸ਼ਾ ਸਿੱਖਿਆ ਵਿਚ ਚਾਰ ਕੌਸ਼ਲ ਮੰਨੇ ਜਾਂਦੇ ਹਨ। ਇਹ ਹਨ—ਸੁਣਨਾ, ਬੋਲਣਾ ਪੜ੍ਹਨਾ ਅਤੇ ਲਿਖਣਾ। ਇਨ੍ਹਾਂ ਦਾ ਵਿਕਾਸ ਕਰਨਾ ਹੀ ਭਾਸ਼ਾ ਸਿੱਖਿਆ ਦਾ ਅਸਲੀ ਅਤੇ ਵਿਸ਼ੇਸ਼ ਉਦੇਸ਼ ਹੈ। ਇਹ ਕੌਸ਼ਲ ਆਪਸ ਵਿੱਚ ਇੱਕ ਦੂਜੇ ਦੇ ਪੂਰਕ ਬਣ ਜਾਂਦੇ ਹਨ। ਜਦੋਂ ਇਕ ਦੀ ਪ੍ਰਕਿਰਿਆ ਹੋ ਰਹੀ ਹੁੰਦੀ ਹੈ ਤਾਂ ਨਾਲੋਂ ਨਾਲ ਦੂਜੇ ਵੀ ਗਤੀਸ਼ੀਲ ਹੁੰਦੇ ਹਨ। ਭਾਸ਼ਾ ਸਿੱਖਿਆ ਵਿੱਚ ਇਨ੍ਹਾਂ ਦਾ ਮਨੋਵਿਗਿਆਨਕ ਕ੍ਰਮ ਬਣਦਾ ਹੈ-ਸੁਣਨਾ, ਬੋਲਣਾ, ਪੜ੍ਹਨਾ ਤੇ ਲਿਖਣਾ। ਬੱਚਾ ਸਕੂਲ ਆਉਣ ਤੋਂ ਪਹਿਲਾਂ ਹੀ ਸੁਣਨਾ ਅਤੇ ਬੋਲਣਾ ਕੁਝ ਸੀਮਾ ਤੱਕ ਸਿੱਖ ਲੈਂਦਾ ਹੈ। ਪਰ ਅੱਖਰਾਂ ਅਤੇ ਸ਼ਬਦਾਂ ਦਾ ਲਿਪੀਬੱਧ ਗਿਆਨ ਪ੍ਰਾਪਤ ਕਰਨ ਵਾਸਤੇ ਉਸ ਨੂੰ ਸਕੂਲ ਵਿੱਚ ਜਾਣਾ ਪੈਂਦਾ ਹੈ, ਜਿੱਥੇ ਅਧਿਆਪਕ ਉਸ ਦੀ ਭਾਸ਼ਾ ਨੂੰ ਸੁਧਾਰਦੇ ਅਤੇ ਨਿਖਾਰਦੇ ਹਨ। ਉਸ ਦੇ ਸੁਣਨ ਤੇ ਬੋਲਣ ਕੌਸ਼ਲ ਨੂੰ ਵਾਚਨ ਕੌਸ਼ਲ ਵਿੱਚ ਤਬਦੀਲ ਕੀਤਾ ਜਾਂਦਾ ਹੈ। ਹੌਲੀ-ਹੌਲੀ ਵਾਚਨ ਕੌਸ਼ਲ ਬੱਚੇ ਨੂੰ ਲਿਖਿਤ ਸਮਗਰੀ ਨੂੰ ਪੜ੍ਹਕੇ ਵਿਚਾਰ ਕੇ ਭਾਵ ਸਮਝਣ ਦੇ ਯੋਗ ਬਣਾ ਦਿੱਤਾ ਜਾਂਦਾ ਹੈ।

**ਵਾਚਨ ਦੀ ਪਰਿਭਾਸ਼ਾ –** ਆਮ ਤੌਰ ਤੇ ਪੜ੍ਹਨ ਨੂੰ ਹੀ ਵਾਚਨ ਕਹਿ ਦਿੱਤਾ ਜਾਂਦਾ ਹੈ ਪਰ ਇਹ ਪਰਿਭਾਸ਼ਾ ਅਧੂਰੀ ਰਹਿ ਜਾਂਦੀ ਹੈ। ਇਸ ਵਿੱਚ ਵਿਆਪਕਤਾ ਨਹੀਂ ਹੈ। ਸਿੱਖਿਆ ਸ਼ਾਸਤਰੀ ਲੂਇਸ ਦਾ ਕਥਨ ਹੈ, "ਜਿਸ ਸਾਧਨ ਦੁਆਰਾ ਵਿਦਿਆਰਥੀ ਹੁਣ ਤੱਕ ਦੇ ਸੰਚਿਤ ਗਿਆਨ ਨਾਲ ਪਰੀਚੈ ਬਣਾਉਂਦਾ ਹੈ, ਉਹ ਵਾਚਨ (Reading Skill) ਤੇ ਲਿਪੀਬੱਧ ਸ਼ਬਦਾਂ ਨੂੰ ਉਨ੍ਹਾਂ ਦੇ ਭਾਵਾਂ ਅਤੇ ਵਿਚਾਰ ਦਾ ਬੋਧ ਪ੍ਰਾਪਤ ਕਰਨ ਨੂੰ ਅਸਲੀ ਵਾਚਨ ਕਿਹਾ ਜਾ ਸਕਦਾ ਹੈ।

ਵਾਚਨ ਅਰਥ ਬੋਧ ਕਰਾਉਂਦਾ ਹੈ। ਕਿਸੇ ਲਿਖਿਤ ਰਚਨਾ ਦੇ ਅਰਥ ਸਮਝ ਨਾ ਆਉਣ ਤਾਂ ਵਾਚਨ ਦਾ ਕੋਈ ਮਹੱਤਵ ਨਹੀਂ ਰਹਿੰਦਾ। ਪਰ ਉਸ ਰਚਨਾ ਨੂੰ ਪੜ੍ਹ ਕੇ ਚਿਹਰੇ ਦੇ ਹਾਵ-ਭਾਵ ਬਦਲ ਰਹੇ ਹੋਣ ਤਾਂ ਵਾਚਨ ਦੀ ਪ੍ਰਕਿਰਿਆ ਠੀਕ ਹੋ ਰਹੀ ਹੁੰਦੀ ਹੈ। ਅਰਥ ਬੋਧ ਤੋਂ ਬਿਨਾਂ ਕਿਸੇ ਵੀ ਭਾਸ਼ਾ ਦੀਆਂ ਅਨਮੋਲ ਲਿਖਤਾਂ ਵੀ ਮਹੱਤਵਹੀਣ ਪਈਆਂ ਰਹਿੰਦੀਆਂ ਹਨ।

**ਵਾਚਨ ਦਾ ਮਹੱਤਵ ਜਾਂ ਜ਼ਰੂਰਤ –** ਵਾਚਨ ਇਕ ਵਰਦਾਨ ਬਣ ਜਾਂਦਾ ਹੈ ਜਦੋਂ ਇਸ ਦੁਆਰਾ ਅਸੀਂ ਦੂਰ ਬੈਠੇ ਅਨਜਾਣ ਵਿਅਕਤੀ ਦੇ ਵਿਚਾਰ ਪੜ੍ਹ ਕੇ ਉਸ ਨਾਲ ਸਾਂਝ ਬਣਾ ਲੈਂਦੇ ਹਾਂ। ਇਹ ਬਹੁਤ ਸਸਤਾ ਅਤੇ ਮਹੱਤਵਪੂਰਨ ਸਾਧਨ ਹੈ, ਜਿਸ ਰਾਹੀਂ ਕਿਸੇ ਵੀ ਪ੍ਰਕਾਰ ਦਾ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ।

ਵਾਚਨ ਦਾ ਮਹੱਤਵ ਜਾਨਣ ਲਈ ਹੇਠ ਲਿਖੇ ਬਿੰਦੂ ਅਧਾਰ ਬਣ ਸਕਦੇ ਹਨ।

**1. ਸਮਾਜਕ ਮਾਣ –** ਵਾਚਨ ਐਸਾ ਗੁਣ ਹੈ ਕਿ ਜਿਸ ਵੀ ਵਿਅਕਤੀ ਕੋਲ ਹੋਵੇ, ਸਮਾਜ ਉਸਦਾ ਆਦਰ ਕਰਦਾ ਹੈ। ਉਹ ਬੁੱਧੀਮਾਨ ਗਿਣਿਆ ਜਾਂਦਾ ਹੈ ਨਹੀਂ ਤਾਂ ਅਨਪੜ੍ਹ ਸਮਝਿਆ ਜਾਂਦਾ ਹੈ।

**2. ਸਿੱਖਿਆ ਪ੍ਰਾਪਤੀ ਵਿੱਚ ਸਹਾਇਕ –** ਵਿਦਿਆਰਥੀ ਵਾਸਤੇ ਵਾਚਨ ਇਕ ਬਹੁਤ ਕਾਰਗਰ ਸੰਦ

ਹੈ ਜੋ ਹਰ ਵਿਸ਼ੇ ਦੇ ਗਿਆਨ ਦਾ ਸੰਚਾਰ ਉਸ ਦੇ ਦਿਲ ਦਿਮਾਗ ਤੱਕ ਪਹੁੰਚਾਉਂਦਾ ਹੈ। ਵਾਚਨ ਹੀ ਵਿਦਿਆ ਪ੍ਰਾਪਤੀ ਦਾ ਅਧਾਰ ਬਣਦਾ ਹੈ।

**3. ਮਨੋਰੰਜਨ ਦਾ ਸਾਧਨ –** ਜਦੋਂ ਵੀ ਸਮਾਂ ਮਿਲੇ, ਵਾਚਨ ਰਾਹੀਂ ਅਸੀਂ ਮਨੋਰੰਜਨ ਵੀ ਪ੍ਰਾਪਤ ਕਰ ਸਕਦੇ ਹਾਂ। ਘਰ ਬੈਠੇ, ਯਾਤਰਾ ਵਿੱਚ ਜਾਂ ਕਿਸੇ ਮਹਿਫ਼ਲ ਵਿੱਚ ਵਾਚਨ ਰਾਹੀਂ ਮਨੋਰੰਜਕ ਲਿਖਿਤ ਦਾ ਅਨੰਦ ਉਠਾ ਸਕਦੇ ਹਾਂ।

ਵਾਚਨ ਦੇ ਪ੍ਰਕਾਰ - ਵਾਚਨ ਤਿੰਨ ਪ੍ਰਕਾਰ ਦਾ ਹੁੰਦਾ ਹੈ।

1. ਉੱਚਾ ਬੋਲ ਕੇ ਵਾਚਨ ਕਰਨਾ (Loud Reading)
2. ਮੌਨ ਵਾਚਨ (Silent Reading)
3. ਅਧਿਐਨ ਕਰਨਾ

ਇਨ੍ਹਾਂ ਤਿੰਨਾਂ ਪ੍ਰਕਾਰ ਦੇ ਵਾਚਨ ਦਾ ਵੱਖੋ-ਵੱਖ ਢੰਗ ਹੈ। ਆਪਣੇ ਆਪਣੇ ਗੁਣ ਵੀ ਹਨ ਅਤੇ ਦੋਸ਼ ਵੀ ਹਨ। ਸਮੇਂ ਦੀ ਲੋੜ ਅਨੁਸਾਰ ਇਨ੍ਹਾਂ ਦੀ ਵਰਤੋਂ ਕਰਕੇ ਅਧਿਆਪਕ ਵਰਗ ਆਪਣੇ ਵਿਦਿਆਰਥੀਆਂ ਨੂੰ ਸਿਖਾਉਂਦਾ ਵੀ ਹੈ ਅਤੇ ਅਭਿਆਸ ਵੀ ਕਰਵਾਉਂਦਾ ਹੈ।

ਵਾਚਨ ਜਾਂ ਪੜ੍ਹਨਾ ਵੀ ਆਪਣੇ ਆਪ ਹੋ ਜਾਣ ਵਾਲੀ ਪ੍ਰਕਿਰਿਆ ਨਹੀਂ ਹੈ। ਇਸ ਕੰਮ ਲਈ ਵੀ ਅਧਿਆਪਕ ਦੀ ਮਦਦ ਲੈਣੀ ਪੈਂਦੀ ਹੈ। ਅਧਿਆਪਕ ਆਰੰਭ ਤੋਂ ਹੀ ਵਾਚਨ ਦੀ ਸ਼ੁੱਧਤਾ ਦਾ ਧਿਆਨ ਰੱਖਦਾ ਹੈ। ਵਾਚਨ ਅਤੇ ਉਚਾਰਨ ਦੋਵੇਂ ਹੀ ਇਕ ਤਸਵੀਰ ਦੇ ਦੋ ਪਾਸੇ ਹਨ। ਅਧਿਆਪਕ ਦੀ ਦੇਖ-ਰੇਖ ਵਿੱਚ ਪਠਨ ਵਿਚ ਸਰਲਤਾ, ਸ਼ੁੱਧਤਾ ਅਤੇ ਰਵਾਨੀ ਦੀ ਕਮੀ ਜਾਂ ਕਮਜ਼ੋਰੀ ਰਹਿਣ ਦੀ ਗੁੰਜਾਇਸ਼ ਘੱਟ ਹੁੰਦੀ ਹੈ।

## ਪੜ੍ਹਨਾ ਸਿਖਾਉਣ ਦੀਆਂ ਵਿਧੀਆਂ

ਵਾਚਨ ਸਿਖਾਉਣ ਵਾਸਤੇ ਆਮਤੌਰ ਤੇ ਹੇਠ ਲਿਖੀਆਂ ਵਿਧੀਆਂ ਵਰਨਣ ਦਾ ਚਲਨ ਹੈ।

**1. ਅੱਖਰ-ਬੋਧ ਵਿਧੀ –** ਵਾਚਨ ਸਿਖਾਉਣ ਦੀ ਸਭ ਤੋਂ ਪੁਰਾਤਨ ਅਤੇ ਪ੍ਰਚਲਿਤ ਵਿਧੀ ਅੱਖਰ-ਬੋਧ ਤੋਂ ਅਰੰਭ ਕੀਤੀ ਜਾਂਦੀ ਹੈ। ਇਸ ਵਿਧੀ ਵਿਚ ਸਭ ਤੋਂ ਪਹਿਲਾਂ ਵਰਨ-ਮਾਲਾ (ਪੈਂਤੀ ਅੱਖਰੀ) ਸਿਖਾਈ ਜਾਂਦੀ ਹੈ। ਫਿਰ ਅੱਖਰਾਂ ਦਾ ਮੇਲ ਕਰਕੇ ਛੋਟੇ-ਛੋਟੇ ਸ਼ਬਦ ਬਣਾਏ ਜਾਂਦੇ ਹਨ। ਨਾਲੋ ਨਾਲ ਬੋਲਣ ਦਾ ਅਭਿਆਸ ਕਰਵਾਇਆ ਜਾਂਦਾ ਹੈ। ਹੌਲੀ-ਹੌਲੀ ਤਿੰਨ ਚਾਰ ਅੱਖਰਾਂ ਦੇ ਜੋੜ ਵਾਲੇ ਸ਼ਬਦ ਬੁਲਵਾਏ ਜਾਂਦੇ ਹਨ। ਇੰਝ ਵਿਦਿਆਰਥੀ ਵਾਰ-ਵਾਰ ਬੋਲ ਕੇ ਪੜ੍ਹਨਾ ਸਿੱਖ ਜਾਂਦੇ ਹਨ।

**2. ਉਚਾਰਨ ਵਿਧੀ –** ਇਹ ਵੀ ਅੱਖਰ ਬੋਧ ਵਿਧੀ ਦਾ ਅਗਲੇਰਾ ਰੂਪ ਹੈ। ਇਸ ਵਿੱਚ ਮਾਤਰਾਵਾਂ ਦੀ ਵਰਤੋਂ ਕਾਰਨ ਉਚਾਰਨ ਵਿੱਚ ਆਈਆਂ ਤਬਦੀਲੀਆਂ ਸਿਖਾਈਆਂ ਜਾਂਦੀਆਂ ਹਨ। ਇੰਝ ਕਹਿ ਲਵੋ ਕਿ ਮਾਤਰਾਵਾਂ ਦਾ ਗਿਆਨ ਅਤੇ ਰੂਪ ਸਮਝਾਇਆ ਜਾਂਦਾ ਹੈ। ਮਾਤਰਾ ਦੀ ਵਰਤੋਂ ਨਾਲ ਅੱਖਰਾਂ ਦੀ ਧੁਨੀ ਕਿਵੇਂ ਬਦਲ ਜਾਂਦੀ ਹੈ ਇਹ ਸਮਝ ਉਚਾਰਨ ਵਿਧੀ ਰਾਹੀਂ ਸੌਖੀ ਸਿਖਾਈ ਜਾ ਸਕਦੀ ਹੈ।

**3. ਦੇਖੋ ਅਤੇ ਬੋਲੋ ਵਿਧੀ –** ਪੜ੍ਹਨਾ ਸਿਖਾਉਣ ਵਿੱਚ ਇਸ ਵਿਧੀ ਦਾ ਵਿਸ਼ੇਸ਼ ਮਹੱਤਵ ਹੈ। ਤਸਵੀਰਾਂ ਦੀ ਮਦਦ ਨਾਲ, ਉਨ੍ਹਾਂ ਦੇ ਲਿਖੇ ਹੋਏ ਨਾਮ ਬੁਲਵਾਏ ਜਾਂਦੇ ਹਨ। ਇੰਝ ਸ਼ਬਦ-ਗਿਆਨ ਹੋਰ ਅਸਾਨ ਬਣ ਜਾਂਦਾ ਹੈ। ਸ਼ਬਦਾਂ ਦੇ ਅਰਥ ਤਸਵੀਰਾਂ ਦਸਦੀਆਂ ਹਨ ਅਤੇ ਵਾਰ-ਵਾਰ ਬੋਲਣ ਨਾਲ ਸ਼ਬਦ ਬਣਤਰ ਦੀ ਸਮਝ ਪੈਂਦੀ ਹੈ। ਫਿਰ ਮਿਲਦੇ-ਜੁਲਦੇ ਸ਼ਬਦ ਬਣਵਾਏ ਜਾਂਦੇ ਹਨ ਤੇ ਬੁਲਵਾਏ ਜਾਂਦੇ ਹਨ। ਧਿਆਨ ਦੇਣ

ਨਾਲ ਅੱਖਰਾਂ ਦੀ ਅਦਲਾ-ਬਦਲੀ ਵੀ ਸਮਝ ਆ ਜਾਂਦੀ ਹੈ। ਤਸਵੀਰ ਵਾਲੇ ਚਾਰਟਾਂ ਦੀ ਮਦਦ ਨਾਲ ਵਿਦਿਆਰਥੀ ਬਹੁਤ ਜਲਦੀ ਪਕੜ ਬਣਾ ਲੈਂਦੇ ਹਨ।

**4. ਵਾਕ ਪੜ੍ਹਨਾ ਸਿਖਾਉਣਾ –** ਦੇਖੋ ਅਤੇ ਬੋਲੋ ਵਿਧੀ ਦਾ ਅਗਲੇਰਾ ਰੂਪ ਹੀ ਹੈ ਇਹ ਵਿਧੀ। ਇਸ ਵਿਚ ਇਕੱਲੇ ਸ਼ਬਦ ਦੀ ਥਾਂ ਇਕ ਵਾਕ ਹੁੰਦਾ ਹੈ। ਫਿਰ ਉਸ ਨਾਲ ਮਿਲਦੇ-ਜੁਲਦੇ ਵਾਕ ਬੋਲਣਾ ਸਿਖਾਇਆ ਜਾਂਦਾ ਹੈ। ਜਿਵੇਂ-ਰਾਮ ਲਾਲ ਪੜ੍ਹਾਈ ਕਰ ਰਿਹਾ ਹੈ। ਮਨਹੋਰ ਸਿੰਘ ਲਿਖਾਈ ਕਰ ਰਿਹਾ ਹੈ।

ਵਾਕਾਂ ਵਿੱਚ ਸ਼ਬਦ ਬਦਲ ਕੇ ਵਾਕ ਪੜ੍ਹਨਾ ਸਿਖਾਇਆ ਜਾਂਦਾ ਹੈ, ਨਾਲ ਹੀ ਸ਼ਬਦਾਵਲੀ ਵਿਚ ਵਾਧਾ ਹੁੰਦਾ ਰਹਿੰਦਾ ਹੈ। ਇਹ ਵਿਧੀ ਅਧਿਆਪਕ ਤੋਂ ਕੁਝ ਵਧੇਰੇ ਮਿਹਨਤ ਦੀ ਉਮੀਦ ਰੱਖਦੀ ਹੈ। ਉਂਜ ਪੂਰੀ ਅਸਰਦਾਰ ਹੈ।

**5. ਅਨੁਕਰਨ ਵਿਧੀ –** ਇਸ ਵਿਧੀ ਵਿੱਚ ਪਹਿਲਾਂ ਅਧਿਆਪਕ ਆਪ ਉੱਚੀ ਅਵਾਜ਼ ਵਿੱਚ ਵਾਚਨ ਕਰਦਾ ਹੈ। ਵਿਦਿਆਰਥੀ ਅਧਿਆਪਕ ਦਾ ਅਨੁਸਰਨ ਕਰਕੇ ਉਸੇ ਉਤਾਰ-ਚੜ੍ਹਾਅ ਅਨੁਸਾਰ ਵਾਚਨ ਕਰਦੇ ਹਨ। ਭਾਸ਼ਾ ਵਿੱਚ ਧੁਨੀਆਂ ਦਾ ਉਤਾਰ-ਚੜ੍ਹਾਅ ਬਹੁਤ ਮਹੱਤਵ ਰੱਖਦਾ ਹੈ। ਵਿਚਾਰਾਂ ਅਤੇ ਭਾਵਾਂ ਦੀ ਅਭਿਵਿਅਕਤੀ ਸ਼ਬਦਾਂ ਉਪਰ ਵੱਧ-ਘੱਟ ਜ਼ੋਰ ਦੇ ਕੇ ਹੀ ਸਮਝਾਏ ਜਾ ਸਕਦੀ ਹੈ।

**6. ਸਮੂਹਿਕ ਪਾਠ ਵਿਧੀ –** ਪੜ੍ਹਨਾ ਸਿਖਾਉਣ ਵਾਸਤੇ ਸਮੂਹਿਕ ਪਾਠ ਵਿਧੀ ਦੀ ਵਰਤੋਂ ਬਹੁਤ ਪੁਰਾਣੀ ਹੈ। ਇਸ ਨਾਲ ਵਿਦਿਆਰਥੀ ਦਾ ਬੋਲਣ ਪ੍ਰਤੀ ਝਾਕਾ ਦੂਰ ਹੋ ਜਾਂਦਾ ਹੈ। ਬਾਲ-ਗੀਤਾਂ ਦਾ ਸਮੂਹਿਕ ਉਚਾਰਨ ਵਿਸ਼ੇਸ਼ ਲਾਭਕਾਰੀ ਹੁੰਦਾ ਹੈ। ਉਚਾਰਨ ਵਿੱਚ ਸ਼ੁੱਧਤਾ ਅਤੇ ਸਪਸ਼ਟਤਾ ਵੀ ਆਉਂਦੀ ਹੈ।

ਅਧਿਆਪਕ ਨੂੰ ਪਤਾ ਹੁੰਦਾ ਹੈ ਕਿ ਕਿਸ ਸਮੇਂ ਕਿਹੜੀ ਵਿਧੀ ਦੀ ਵਰਤੋਂ ਉਚਿਤ ਹੋਵੇਗੀ। ਇਸ ਲਈ ਕੋਈ ਹੋਰ ਵਿਧੀ ਵੀ ਵਰਤੀ ਜਾ ਸਕਦੀ ਹੈ।

ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਜਮਾਤਾਂ ਵਿੱਚ ਵਾਚਨ ਦਾ ਅਭਿਆਸ ਕਰਾਉਣ ਵਾਸਤੇ 'ਅਣਡਿੱਠੇ ਪੈਰੇ' ਦਾ ਇਕ ਪ੍ਰਸ਼ਨ ਜ਼ਰੂਰ ਦਿੱਤਾ ਜਾਣ ਲੱਗ ਪਿਆ ਹੈ। ਇਹ 'ਅਣਡਿੱਠਾ ਪੈਰਾ' ਕਿਸੇ ਲੇਖ ਦਾ ਹਿੱਸਾ ਵੀ ਹੋ ਸਕਦਾ ਹੈ, ਕਿਸੇ ਅਖ਼ਬਾਰ ਵਿੱਚ ਛਪੀ ਸੰਪਾਦਕ ਦੀ ਲਿਖਤ ਵਿਚੋਂ ਵੀ ਹੋ ਸਕਦਾ ਹੈ। ਇਸ ਦਾ ਪੱਧਰ ਵਿਦਿਆਰਥੀਆਂ ਦੀ ਸਮਝ ਦਾ ਹਾਣੀ ਸਮਝਿਆ ਜਾਂਦਾ ਹੈ। ਇਹ ਵਿਦਿਆਰਥੀ ਦੀ ਸੂਝ-ਬੂਝ ਪਰਖਣ ਦੀ ਕਸਵੱਟੀ ਹੁੰਦਾ ਹੈ। ਇਸ ਦੇ ਨਾਲ ਕੁਝ ਪ੍ਰਸ਼ਨ ਹੁੰਦੇ ਹਨ, ਜਿਨ੍ਹਾਂ ਦੇ ਉੱਤਰ ਵਿਦਿਆਰਥੀ ਨੇ ਲਿਖਣੇ ਹੁੰਦੇ ਹਨ। ਜਦ ਤਕ ਵਿਦਿਆਰਥੀ ਇਸ ਦਾ ਗਹਿਣ ਅਧਿਐਨ ਅਤੇ ਮਨੋ ਵਾਚਨ ਨਹੀਂ ਕਰੇਗਾ, ਇਸ ਦੇ ਅਰਥ-ਬੋਧ ਨਾਲ ਸਾਂਝ ਨਹੀਂ ਬਣਾ ਸਕੇਗਾ, ਤਦ ਤੱਕ ਉਹ ਪ੍ਰਸ਼ਨਾਂ ਦੇ ਉੱਤਰ ਨਹੀਂ ਦੇ ਪਾਏਗਾ। ਗੰਭੀਰ ਅਤੇ ਮੌਨ ਵਾਚਨ ਹੀ ਇਸ ਸਮੱਸਿਆ ਦਾ ਹਲ ਹੋਵੇਗਾ। ਵਾਚਨ ਨੂੰ ਇਕ ਆਦਤ ਦੇ ਰੂਪ ਵਿੱਚ ਉਭਾਰਨਾ ਹੀ ਇਸਦਾ ਉਦੇਸ਼ ਹੈ।

ਹੇਠਾਂ ਇਕ 'ਅਣਡਿੱਠਾ ਪੈਰਾ' ਅਤੇ ਅਣਡਿੱਠੀ ਕਾਵਿ ਟੁਕੜੀ 'ਤੇ ਉਨ੍ਹਾਂ ਵਿਚਲੇ ਸੰਭਾਵਿਤ ਪ੍ਰਸ਼ਨ ਨਮੂਨੇ ਦਾ ਅਭਿਆਸ ਕਰਨ ਹਿਤ ਦਿੱਤੇ ਜਾ ਰਹੇ ਹਨ। ਇਸ ਅਭਿਆਸ ਦਾ ਲਾਭ ਵਿਦਿਆਰਥੀ ਨੂੰ ਮਿਲੇ ਐਸੀ ਕਾਮਨਾ ਹੈ। ਇਹ ਮੌਨ ਅਤੇ ਗੰਭੀਰ ਵਾਚਨ ਦੀ ਮੰਗ ਕਰਦਾ ਹੈ।

## ਅਣਡਿੱਠਾ ਪੈਰਾ

ਸਿਰਫ਼ ਉਹੀ ਲੋਕ ਅਮੀਰ ਅਤੇ ਮਾਲੋਮਾਲ ਹੋ ਸਕਦੇ ਹਨ ਜੋ ਆਪਣੇ ਆਪ ਲਈ ਕੁਝ ਨਵਾਂ ਸੋਚ ਸਕਦੇ ਹਨ। ਪੁਰਾਣੇ ਢੰਗ ਨਾਲ ਕੰਮ ਕਰਦੇ ਜਾਣਾ ਤਾਂ ਵਿਕਾਸ ਦੇ ਰੁਕ ਜਾਣ ਦੀ ਨਿਸ਼ਾਨੀ ਹੈ। ਹੋਣਹਾਰ ਵਿਅਕਤੀ ਹਮੇਸ਼ਾਂ ਕੁਝ ਨਵਾਂ ਅਤੇ ਚੰਗਾ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਲੋਕਾਂ ਦੇ ਸੋਚਣ ਢੰਗ ਉੱਪਰ ਹੀ ਉਨ੍ਹਾਂ ਦੀ ਖੁਸ਼ਹਾਲੀ ਨਿਰਭਰ ਕਰਦੀ ਹੈ। ਲਕੀਰ ਦੇ ਫਕੀਰ ਬਣ ਕੇ ਵੱਡੇ ਵਡੇਰਿਆਂ ਦੇ ਪਾਏ ਪੂਰਨਿਆਂ ਤੇ ਚੱਲਣ ਵਾਲਾ ਮਨੁੱਖ ਪਿਛੜ ਜਾਂਦਾ ਹੈ। ਕੁਝ ਨਵਾਂ ਕਰਨ ਦੀ ਦਲੇਰੀ ਉਹ ਨਹੀਂ ਕਰ ਸਕਦਾ, ਆਗੂ ਨਹੀਂ ਬਣ ਸਕਦਾ, ਸਿਰਫ਼ ਪਿੱਛੇ ਲੱਗ ਕੇ ਤੁਰਦਾ ਰਹਿੰਦਾ ਹੈ। ਉਸ ਦੀ ਬੁੱਧੀ ਮੋਟੀ ਹੋ ਜਾਂਦੀ ਹੈ। ਉਸ ਦਾ ਸੁਭਾਅ ਤਮੋਗੁਣੀ ਹੋ ਜਾਂਦਾ ਹੈ। ਉਸ ਦੇ ਜੀਵਨ ਵਿਚ ਸੁਹਜ ਸੁਆਦ ਨਹੀਂ ਹੁੰਦਾ। ਇੱਕ ਜਿਉਂਦੀ ਲਾਸ਼ ਬਣ ਜਾਂਦਾ ਹੈ। ਨਵੇਂ ਵਿਚਾਰ ਅਤੇ ਲਗਾਤਾਰ ਕੋਸ਼ਿਸ਼ ਬੰਦੇ ਨੂੰ ਸਫ਼ਲਤਾ ਜ਼ਰੂਰ ਦਿੰਦੀ ਹੈ। ਨਵਾਂ ਮਾਰਗ ਸੋਚੋ ਤੇ ਉਸ ਉੱਪਰ ਅਮਲ ਕਰੋ।

ਪ੍ਰ.1. ਕਿਹੜੇ ਲੋਕ ਅਮੀਰ ਹੋ ਜਾਂਦੇ ਹਨ?

ਪ੍ਰ.2. ਖੁਸ਼ਹਾਲੀ ਕਿਸ ਅਵਸੱਥਾ ਉਪਰ ਨਿਰਭਰ ਕਰਦੀ ਹੈ?

ਪ੍ਰ.3. ਲਕੀਰ ਦਾ ਫ਼ਕੀਰ ਬਣਨ ਤੋਂ ਕੀ ਭਾਵ ਹੈ?

ਪ੍ਰ.4. ਪਿਛਲੱਗੂ ਮਨੁੱਖ ਕਿਸ ਤਰ੍ਹਾਂ ਦਾ ਹੋ ਜਾਂਦਾ ਹੈ?

ਪ੍ਰ.5. ਇਸ ਪੈਰੇ ਨੂੰ ਢੁੱਕਵਾਂ ਸਿਰਲੇਖ ਦਿਉ।

## ਅਣਡਿੱਠੀ ਕਾਵਿ ਟੁਕੜੀ

ਸਿਰ ਕਚਕੌਲ ਬਣਾ ਹੱਥ ਲੀਤਾ, ਪੜ੍ਹਿਆ ਦੁਆਰੇ ਫਿਰਿਆ।
ਦਰ ਦਰ ਦੇ ਟੁਕ ਮੰਗ ਮੰਗ ਪਾਏ, ਤੁੰਨ ਤੁੰਨ ਕੇ ਉਸ ਭਰਿਆ।
ਭਰਿਆ ਵੇਖ ਆਫਰਿਆ ਸਾਂ ਮੈਂ, ਜਾਣਾ ਪੰਡਿਤ ਹੋਇਆ,
ਟਿਕੇ ਨਾ ਪੈਰ ਜਮੀਂ ਤੇ ਮੇਰੇ, ਉੱਚਾ ਉੱਚਾ ਹੋ ਤੁਰਿਆ।

ਪ੍ਰ.1. ਕਵੀ ਨੇ ਸਿਰ ਨੂੰ ਕਚਕੌਲ ਕਿਉਂ ਬਣਾ ਲਿਆ?

ਪ੍ਰ.2. ਕਚਕੌਲ ਨੂੰ ਕਿਸ ਚੀਜ਼ ਨਾਲ ਭਰਿਆ ਗਿਆ?

ਪ੍ਰ.3. ਲੇਖਕ ਦੇ ਪੈਰ ਜਮੀਂ ਤੇ ਕਿਉਂ ਨਹੀਂ ਸੀ ਲੱਗ ਰਹੇ?

# ਲਿਖਣ ਕੌਸ਼ਲ

## (ਲੇਖ, ਪੱਤਰ, ਇਸ਼ਤਿਹਾਰ, ਤਸਵੀਰ)

ਭਾਸ਼ਾ ਨੂੰ ਸੰਚਾਰ ਦਾ ਸਰਵੋਤਮ ਸਾਧਨ ਮੰਨਿਆ ਜਾਂਦਾ ਹੈ, ਇਸ ਲਈ ਸਿੱਖਿਆ ਦਾ ਮੁੱਖ ਉਦੇਸ਼ ਵੀ ਵਿਦਿਆਰਥੀਆਂ ਨੂੰ ਐਨਾ ਸਮਰੱਥ ਬਣਾਉਣਾ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਸੋਚ-ਵਿਚਾਰ ਕੇ ਤਰਤੀਬਵਾਰ ਤੇ ਲਿਖਤੀ ਰੂਪ ਵਿੱਚ ਪੇਸ਼ ਕਰ ਸਕਣ। ਇਸ ਉਦੇਸ਼ ਨੂੰ ਅਮਲੀ ਜਾਮਾ ਪਹਿਨਾਉਣ ਲਈ ਹੀ ਨੌਵੀਂ-ਦਸਵੀਂ ਦੇ ਪਾਠਕ੍ਰਮ ਵਿੱਚ ਲਿਖਣ-ਕੌਸ਼ਲ ਨੂੰ ਸ਼ਾਮਿਲ ਕੀਤਾ ਹੋਇਆ ਹੈ। ਇਹ ਵਿਸ਼ਾ ਜਿੱਥੇ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਵਿੱਚ ਵਾਧਾ ਕਰਦਾ ਹੈ, ਉਥੇ ਉਨ੍ਹਾਂ ਦੇ ਪੂਰਵ-ਗਿਆਨ ਨੂੰ ਵੀ ਉਜਾਗਰ ਕਰਦਾ ਹੈ। ਵਿਦਿਆਰਥੀ ਦੋਵਾਂ ਦੇ ਅਧਾਰ 'ਤੇ ਹੀ ਭਾਸ਼ਾ ਰਾਹੀਂ ਆਪਣੇ ਮਨੋਭਾਵਾਂ ਦੀ ਅਭਿਵਿਅਕਤੀ ਲਿਖਣ ਕੌਸ਼ਲ ਦੇ ਅੰਤਰਗਤ ਕਰਦਾ ਹੈ।

ਲਿਖਣ ਕੌਸ਼ਲ ਵਿੱਚ ਮੁਹਾਰਤ ਹਾਸਲ ਕਰਨ ਲਈ ਲਗਾਤਾਰ ਅਭਿਆਸ ਤੇ ਨਵੀਆਂ ਤਕਨੀਕਾਂ ਤੋਂ ਜਾਣੂ ਹੋਣਾ ਜ਼ਰੂਰੀ ਹੈ। ਭਾਸ਼ਾ ਦੀ ਸਰਲਤਾ ਤੇ ਵਿਚਾਰਾਂ ਦੀ ਸੁਚੱਜੇ ਢੰਗ ਨਾਲ ਪੇਸ਼ਕਾਰੀ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਇਸ ਤੋਂ ਬਿਨਾਂ ਮੌਲਿਕਤਾ, ਸਪਸ਼ਟਤਾ ਤੇ ਸੰਜਮਤਾ ਹੋਣੀ ਵੀ ਲਾਜ਼ਮੀ ਹੈ।

ਲਿਖਣ-ਕੌਸ਼ਲ ਦੇ ਅੰਤਰਗਤ ਲੇਖ-ਰਚਨਾ, ਪੱਤਰ-ਰਚਨਾ, ਇਸ਼ਤਿਹਾਰ ਤੇ ਤਸਵੀਰ ਅਧਾਰਿਤ ਵਰਨਣ ਨੂੰ ਰੱਖਿਆ ਗਿਆ ਹੈ।

ਲਿਖਣ-ਕੌਸ਼ਲ

ਲੇਖ ਰਚਨਾ | ਪੱਤਰ ਰਚਨਾ | ਇਸ਼ਤਿਹਾਰ | ਤਸਵੀਰ ਅਧਾਰਿਤ ਵਰਨਣ

## ਲੇਖ ਰਚਨਾ

ਲਿਖਤੀ ਅਭਿਵਿਅਕਤੀ ਦੇ ਵਿਕਾਸ ਵਿੱਚ ਲੇਖ ਲਿਖਣ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੈ। ਲੇਖ ਰਾਹੀਂ ਕਿਸੇ ਵਿਸ਼ੇ ਨੂੰ ਕ੍ਰਮਬੱਧਤਾ ਵਿੱਚ ਬੰਨ੍ਹ ਕੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕੀਤੀ ਜਾਂਦੀ ਹੈ। ਇਸ ਨੂੰ ਵਾਰਤਕ ਦਾ ਸਰਵੋਤਮ ਰੂਪ ਮੰਨਿਆ ਜਾਂਦਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਹਰ ਵਿਅਕਤੀ ਦਾ ਵਿਚਾਰਾਂ ਨੂੰ ਸ਼ਬਦੀ ਜਾਮਾ ਪਹਿਨਾਉਣ ਦਾ ਢੰਗ ਅੱਡ-ਅੱਡ ਹੁੰਦਾ ਹੈ। ਇਸ ਲਈ ਇੱਕੋ ਵਿਸ਼ੇ 'ਤੇ ਵੱਖ-ਵੱਖ ਤਰੀਕੇ ਨਾਲ ਲੇਖ ਦੀਆਂ ਲਿਖਤਾਂ ਮਿਲਦੀਆਂ ਹਨ। ਲੇਖਕ ਨੂੰ ਵਿਸ਼ੇ ਬਾਰੇ ਜਿੰਨੀ ਡੂੰਘੇਰੀ ਜਾਣਕਾਰੀ ਹੋਵੇਗੀ, ਉਹ ਓਨਾ ਹੀ ਸੁਚੱਜੇ ਢੰਗ ਨਾਲ ਲਿਖਤ ਦੀ ਪੇਸ਼ਕਾਰੀ ਕਰਨ ਵਿੱਚ ਸਮਰੱਥ ਹੋ ਸਕੇਗਾ।

ਲੇਖ-ਲਿਖਣ ਸਮੇਂ ਕੁੱਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਜਿਨ੍ਹਾਂ ਬਾਰੇ ਹੇਠਾਂ ਵਿਚਾਰ-ਚਰਚਾ ਕੀਤੀ ਗਈ ਹੈ।

(1) ਲੇਖ-ਲਿਖਣ ਲਈ ਰੂਪ-ਰੇਖਾ ਤਿਆਰ ਕਰਕੇ ਮੁੱਖ ਨੁਕਤਿਆਂ, ਤੱਥਾਂ ਤੇ ਟੂਕਾਂ ਨੂੰ ਨੋਟ ਕਰਨਾ ਚਾਹੀਦਾ ਹੈ।

(2) ਹਰ ਨਵੇਂ ਵਿਚਾਰ ਲਈ ਨਵਾਂ ਪੈਰਾ ਹੋਣਾ ਚਾਹੀਦਾ ਹੈ।

(3) ਭਾਸ਼ਾ ਸਪਸ਼ਟ, ਛੋਟੇ-ਛੋਟੇ ਵਾਕਾਂ ਵਾਲੀ ਹੋਣੀ ਚਾਹੀਦੀ ਹੈ। ਬੇਲੋੜਾ ਅਤੇ ਅਢੁੱਕਵਾਂ ਵਿਸਤਾਰ ਪ੍ਰਭਾਵ ਨੂੰ ਘਟਾਉਂਦਾ ਹੈ।

(4) ਵਿਸ਼ੇ ਨਾਲ ਸੰਬੰਧਤ ਸਾਰੇ ਪੱਖਾਂ ਉਪਰ ਚਰਚਾ ਹੋਣੀ ਚਾਹੀਦੀ ਹੈ।

(5) ਸ਼ਬਦ-ਸੀਮਾ ਨੂੰ ਵੀ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ।

(6) ਲੇਖ ਦੇ ਤਿੰਨੋਂ ਅੰਗ ਆਦਿ, ਮੱਧ ਤੇ ਅੰਤ ਸਪੱਸ਼ਟ ਹੋਣੇ ਚਾਹੀਦੇ ਹਨ।

(7) ਵਿਆਕਰਨਕ ਨੇਮਾਂ ਦੀ ਪਾਲਨਾ ਹੋਣੀ ਚਾਹੀਦੀ ਹੈ ਅਤੇ ਵਿਚਾਰਾਂ ਨੂੰ ਤਰਤੀਬ ਅਨੁਸਾਰ ਅਤੇ ਸੁਚੱਜੇ ਢੰਗ ਨਾਲ ਪੇਸ਼ ਕਰਨਾ ਚਾਹੀਦਾ ਹੈ।

ਵਿਦਵਾਨਾਂ ਅਨੁਸਾਰ, ਲੇਖਾਂ ਨੂੰ ਕਈ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ।

ਸ਼੍ਰੇਣੀ-ਵੰਡ

- ਬਿਰਤਾਂਤਕ ਲੇਖ
- ਵਰਨਣਾਤਮਕ ਲੇਖ
- ਵਿਚਾਰਾਤਮਕ ਲੇਖ
- ਭਾਵਾਤਮਕ ਲੇਖ
- ਕਲਪਨਾਮਈ ਲੇਖ

ਪਾਠਕ੍ਰਮ ਵਿੱਚ ਵਿਚਾਰ-ਪ੍ਰਧਾਨ ਅਤੇ ਆਮ ਵਿਸ਼ਿਆਂ ਨੂੰ ਲੇਖ-ਰਚਨਾ ਦੇ ਅੰਤਰਗਤ ਰੱਖਿਆ ਗਿਆ ਹੈ। ਇਸ ਬਾਰੇ ਹੀ ਵਿਚਾਰ-ਚਰਚਾ ਨੂੰ ਅੱਗੇ ਤੋਰਿਆ ਜਾਵੇਗਾ।

## ਵਿਚਾਰ ਪ੍ਰਧਾਨ ਲੇਖ

ਇਨ੍ਹਾਂ ਲੇਖਾਂ ਵਿੱਚ ਵਿਚਾਰ ਚਿੰਤਨ ਤੇ ਤਰਕ ਪ੍ਰਧਾਨ ਹੁੰਦਾ ਹੈ। ਇਨ੍ਹਾਂ ਵਿੱਚ ਲੇਖਕ ਧਾਰਮਕ, ਸਮਾਜਕ, ਆਰਥਕ ਤੇ ਵਿੱਦਿਅਕ ਵਿਸ਼ਿਆਂ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਾ ਹੈ। ਜਿਵੇਂ - ਸੋ ਕਿਉਂ ਮੰਦਾ ਆਖੀਐ, ਨਸ਼ਾਖੋਰੀ, ਭਰੂਣ-ਹੱਤਿਆ, ਬੇਰੁਜ਼ਗਾਰੀ, ਸਾਂਝੀ ਵਿੱਦਿਆ ਆਦਿ।

## ਆਮ ਵਿਸ਼ਿਆਂ ਨਾਲ ਸੰਬੰਧਿਤ ਲੇਖ

ਇਹ ਉਹ ਵਿਸ਼ੇ ਹੁੰਦੇ ਹਨ, ਜਿਨ੍ਹਾਂ ਬਾਰੇ ਅਸੀਂ ਵਿਅਕਤੀਗਤ ਵਿਚਾਰ ਘੱਟ ਦਿੰਦੇ ਹਾਂ ਅਤੇ ਇਕੱਤਰ ਕੀਤੇ ਅੰਕੜਿਆਂ ਜਾਂ ਸਮਾਜ ਪ੍ਰਵਾਨਿਤ ਸਚਾਈਆਂ ਦੀ ਜ਼ਿਆਦਾ ਪੇਸ਼ਕਾਰੀ ਕਰਦੇ ਹਾਂ। ਇਨ੍ਹਾਂ ਲੇਖਾਂ ਦਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ। ਜਿਵੇਂ- ਮੈਟਰੋ, ਰੇਲ ਯਾਤਰਾ ਦਾ ਵਰਨਣ, ਮੋਬਾਇਲ।

ਲੇਖ ਲਿਖਣ ਨਾਲ ਵਿਦਿਆਰਥੀਆਂ ਦੀ ਭਾਸ਼ਾ ਉੱਤੇ ਪਕੜ ਮਜ਼ਬੂਤ ਹੋ ਜਾਂਦੀ ਹੈ, ਜੋ ਕਿ ਲਿਖਣ-ਕੌਸ਼ਲ ਦੇ ਹੋਰ ਰੂਪਾਂ ਦੀ ਪੇਸ਼ਕਾਰੀ ਵਿੱਚ ਵੀ ਸਹਾਈ ਹੁੰਦੀ ਹੈ। ਚਰਚਾ ਦੀ ਇਸ ਲੜੀ ਨੂੰ ਹੀ ਅੱਗੇ ਤੋਰਦਿਆਂ ਪੱਤਰ-ਰਚਨਾ ਬਾਰੇ ਗੱਲਬਾਤ ਕੀਤੀ ਜਾਵੇਗੀ।

# ਪੱਤਰ ਰਚਨਾ

ਸਾਡੇ ਤੋਂ ਦੂਰ ਬੈਠੇ ਬੰਦਿਆਂ ਨਾਲ ਆਪਣੇ ਭਾਵਾਂ ਦੇ ਅਦਾਨ-ਪ੍ਰਦਾਨ ਲਈ ਕਈ ਮਾਧਿਅਮ ਹਨ। ਜਿਵੇਂ ਮੋਬਾਇਲ, ਕੰਪਿਊਟਰ ਅਤੇ ਪੱਤਰ ਆਦਿ। ਅਜੋਕੇ ਆਧੁਨਿਕ ਯੁੱਗ ਵਿੱਚ ਚਿੱਠੀਆਂ/ਪੱਤਰ ਲਿਖਣ ਦੀ ਪਰੰਪਰਾ ਭਾਵੇਂ ਹੋਰ ਸੰਸਾਧਨਾਂ ਮੂਹਰੇ ਪੁਰਾਣੀ ਹੋ ਚੁੱਕੀ ਹੈ, ਪਰ ਇਸ ਦੀ ਸਾਰਥਕਤਾ ਬਣੀ ਹੋਈ ਹੈ। ਇਸ ਨਾਲ ਭਾਸ਼ਾ ਉੱਤੇ ਪਕੜ ਦੀ ਪੇਸ਼ਕਾਰੀ ਹੁੰਦੀ ਹੈ। ਪੱਤਰ-ਲੇਖਣ ਦੇ ਮਾਧਿਅਮ ਨਾਲ ਅਸੀਂ ਆਪਣੀ ਭਾਵਨਾਵਾਂ ਦੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ਕਾਰੀ ਕਰਦੇ ਹਾਂ।

ਪੱਤਰ ਲਿਖਣ ਸਮੇਂ ਕੁਝ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ-

(1) ਪੱਤਰ ਪੜ੍ਹਨ ਵਾਲੇ ਨੂੰ ਲਿਖਾਰੀ ਦਾ ਮੁੱਦਾ ਜਾਂ ਵਿਸ਼ਾ ਸਪੱਸ਼ਟ ਹੋਣਾ ਚਾਹੀਦਾ ਹੈ।

(2) ਇੱਕੋ ਗੱਲ ਦੀ ਮੁੜ-ਮੁੜ ਦੁਹਰਾਈ ਨਹੀਂ ਹੋਣੀ ਚਾਹੀਦੀ। ਇੰਝ ਕਰਨ ਨਾਲ ਮਜ਼ਮੂਨ ਦੀ ਪ੍ਰਭਾਵਸ਼ੀਲਤਾ ਘੱਟ ਜਾਂਦੀ ਹੈ।

(3) ਸੰਬੋਧਨ ਉਮਰ ਮੁਤਾਬਕ ਹੋਣਾ ਚਾਹੀਦਾ ਹੈ। ਜਿਵੇਂ ਸਤਿਕਾਰਯੋਗ, ਪਿਆਰੇ ਦੋਸਤ ਆਦਿ।

(4) ਚਿੱਠੀ ਦਾ ਆਕਾਰ ਬਹੁਤਾ ਵੱਡਾ ਨਹੀਂ ਹੋਣਾ ਚਾਹੀਦਾ। ਹਰ ਗੱਲ ਪੈਰਿਆਂ ਵਿੱਚ ਵੰਡੀ ਹੋਣੀ ਚਾਹੀਦੀ ਹੈ।

(5) ਪੱਤਰ ਵਿੱਚ ਔਖੇ ਸ਼ਬਦਾਂ ਜਾਂ ਮੁਹਾਵਰੇ ਦੀ ਲੋੜ ਨਹੀਂ ਹੁੰਦੀ। ਇਸ ਲਈ ਭਾਸ਼ਾ ਸਰਲ, ਸਪੱਸ਼ਟ ਤੇ ਸੰਖੇਪ ਹੋਣੀ ਚਾਹੀਦੀ ਹੈ।

(6) ਇਸ ਦੇ ਮੁੱਖ ਪੰਜ ਹਿੱਸੇ ਹੁੰਦੇ ਹਨ-ਭੇਜਣ ਵਾਲੇ ਦਾ ਪਤਾ, ਪ੍ਰਾਪਤ ਕਰਨ ਵਾਲੇ ਦਾ ਪਤਾ, ਸੰਬੋਧਨ, ਮੁੱਖ ਵਿਸ਼ਾ, ਸਮਾਪਤੀ ਦੇ ਸ਼ਬਦ ਤੇ ਦਸਤਖ਼ਤ ਆਦਿ।

## ਸ਼੍ਰੇਣੀ-ਵੰਡ

ਪੱਤਰਾਂ ਦੀ ਸ਼੍ਰੇਣੀ-ਵੰਡ ਦੋ ਤਰੀਕੇ ਨਾਲ ਕੀਤੀ ਜਾ ਸਕਦੀ ਹੈ-

- ਰਸਮੀ ਪੱਤਰ
  - ਵਪਾਰਕ ਪੱਤਰ
  - ਦਫ਼ਤਰੀ ਪੱਤਰ
  - ਪ੍ਰਾਰਥਨਾ ਪੱਤਰ
- ਗ਼ੈਰ-ਰਸਮੀ ਪੱਤਰ (ਨਿੱਜੀ ਪੱਤਰ)

ਰਸਮੀ ਪੱਤਰ - ਇਨ੍ਹਾਂ ਵਿੱਚ ਬੇਲੋੜਾ ਵੇਰਵਾ ਅਤੇ ਰਸਮੀ ਸ਼ਬਦਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਭਾਸ਼ਾ ਸਰਲ ਤੇ ਸਪੱਸ਼ਟ ਹੁੰਦੀ ਹੈ ਅਤੇ ਆਦਰ ਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਤੀ ਹੈ। ਇਨ੍ਹਾਂ ਪੱਤਰਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ।

(1) ਵਪਾਰਕ ਪੱਤਰ - ਵਪਾਰ ਨਾਲ ਸੰਬੰਧਤ ਦੁਕਾਨਦਾਰਾਂ, ਕੰਪਨੀਆਂ ਤੇ ਪ੍ਰਕਾਸ਼ਨ ਨੂੰ ਲਿਖੇ ਪੱਤਰ ਇਸ ਸ਼੍ਰੇਣੀ ਵਿੱਚ ਆਉਂਦੇ ਹਨ।

(2) ਦਫ਼ਤਰੀ ਪੱਤਰ - ਦਫ਼ਤਰ ਦੇ ਚੇਅਰਮੈਨ, ਸਕੱਤਰ ਜਾਂ ਪ੍ਰਬੰਧਕ ਨੂੰ ਕਿਸੇ ਕੰਮ ਬਾਰੇ ਲਿਖੇ ਪੱਤਰ ਨੂੰ ਦਫ਼ਤਰੀ ਪੱਤਰ ਕਿਹਾ ਜਾਂਦਾ ਹੈ।

(3) ਪ੍ਰਾਰਥਨਾ ਪੱਤਰ - ਸਕੂਲ, ਕਾਲਜ ਦੇ ਪ੍ਰਿੰਸੀਪਲ ਜਾਂ ਅਧਿਕਾਰੀ ਨੂੰ ਲਿਖੇ ਪੱਤਰ ਇਸਦੇ ਦਾਇਰੇ ਅੰਦਰ ਆਉਂਦੇ ਹਨ।

**ਗ਼ੈਰ-ਰਸਮੀ ਪੱਤਰ –** ਇਹ ਪੱਤਰ ਉਨ੍ਹਾਂ ਖਾਸ ਵਿਅਕਤੀਆਂ ਨੂੰ ਲਿਖੇ ਜਾਂਦੇ ਹਨ, ਜਿਨ੍ਹਾਂ ਨਾਲ ਨਿੱਜੀ ਸਾਂਝ ਅਤੇ ਮੁਹਬੱਤ ਹੁੰਦੀ ਹੈ। ਇਨ੍ਹਾਂ ਰਾਹੀਂ ਵਿਅਕਤੀਗਤ ਦੁੱਖ-ਸੁੱਖ ਤੇ ਪ੍ਰੇਮ-ਪਿਆਰ ਨੂੰ ਬੇਝਿਜਕ ਸਾਂਝਾ ਕੀਤਾ ਜਾਂਦਾ ਹੈ। ਇਨ੍ਹਾਂ ਚਿੱਠੀਆਂ ਦਾ ਅਕਾਰ ਲੋੜ ਅਨੁਸਾਰ ਛੋਟਾ ਜਾਂ ਵੱਡਾ ਹੋ ਸਕਦਾ ਹੈ।

## ਰਸਮੀ ਚਿੱਠੀਆਂ

ਪਰੀਖਿਆ ਭਵਨ,
ਕੇਂਦਰ ੳ ਅ ੲ
ਨਵੀਂ ਦਿੱਲੀ-5
ਮਿਤੀ.........

ਸ਼੍ਰੀਮਾਨ ਪੁਲਿਸ ਕਮਿਸ਼ਨਰ ਸਾਹਿਬ
ਥਾਣਾ ਤਿਲਕ ਨਗਰ
ਨਵੀਂ ਦਿੱਲੀ-18
ਵਿਸ਼ਾ - ਬੱਚਿਆਂ ਦੇ ਚੁੱਕੇ ਜਾਣ ਦੀਆਂ ਵਾਰਦਾਤਾਂ ਬਾਰੇ ਪੱਤਰ।
ਸ਼੍ਰੀਮਾਨ ਜੀ,
ਬੇਨਤੀ ਹੈ ........................................................................................
.....................................................................................................
.....................................................................................................
ਧੰਨਵਾਦ ਸਹਿਤ।
ਆਪ ਜੀ ਦਾ ਵਿਸ਼ਵਾਸਪਾਤਰ,
.......................।

## ਗ਼ੈਰ-ਰਸਮੀ ਚਿੱਠੀਆਂ

102, ਲਾਰੰਸ ਰੋਡ,
ਨਵੀਂ ਦਿੱਲੀ
13 ਜੂਨ 2019

ਪਿਆਰੀ ਸਹੇਲੀ ਰਾਣੀ,
..............................................................................................
.....................................................................................................
ਤੇਰੀ ਪੁਰਾਣੀ ਸਹੇਲੀ
......................।

# ਇਸ਼ਤਿਹਾਰ ਲਿਖਣਾ

ਸਾਡੇ ਸਮਾਜ ਵਿੱਚ ਪੁਰਾਤਨ ਸਮੇਂ ਤੋਂ ਹੀ ਪ੍ਰਚਾਰ-ਪ੍ਰਸਾਰ ਦਾ ਪ੍ਰਚਲਨ ਰਿਹਾ ਹੈ। ਜਿਥੇ ਪਹਿਲੇ ਦੌਰ ਵਿੱਚ ਧਰਮ-ਕੇਂਦਰ ਵਿੱਚ ਸੀ ਅਤੇ ਸਾਰੀ ਪ੍ਰਕਿਰਿਆਵਾਂ ਧਰਮ ਦੇ ਆਲੇ-ਦੁਆਲੇ ਘੁੰਮਦੀਆਂ ਸਨ। ਉੱਥੇ ਬਦਲਦੇ ਦੌਰ ਵਿੱਚ ਮਨੁੱਖ ਤੇ ਪਦਾਰਥਕ ਲੋੜਾਂ ਕੇਂਦਰ ਵਿੱਚ ਆ ਗਈਆਂ ਹਨ, ਇਸ ਲਈ ਵਸਤੂਆਂ ਦਾ ਇਸ਼ਤਿਹਾਰ ਦਿੱਤਾ ਜਾਣ ਲੱਗ ਪਿਆ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਇਸਦਾ ਦਾਇਰਾ ਐਨਾ ਵੱਡਾ ਹੋ ਗਿਆ ਹੈ ਕਿ ਜਨਮ ਤੋਂ ਲੈ ਕੇ ਮੌਤ ਤੱਕ ਦੇ ਹਰ ਪੜਾਅ ਦੌਰਾਨ ਇਸ ਦਾ ਬੋਲਬਾਲਾ ਹੈ। ਇਸ਼ਤਿਹਾਰ ਲੇਖਨ ਨਾਲ ਵਿਦਿਆਰਥੀਆਂ ਦਾ ਬੁੱਧੀ-ਵਿਕਾਸ ਤੇ ਲਿਖਣ-ਕਲਾ ਦਾ ਵਿਕਾਸ ਨਾਲੋ-ਨਾਲ ਹੁੰਦਾ ਹੈ।

ਵਿਸ਼ੇ ਪੱਖੋਂ ਇਸ਼ਤਿਹਾਰ ਤਿੰਨ ਪ੍ਰਕਾਰ ਦੇ ਹੁੰਦੇ ਹਨ-

(1) ਸਰਕਾਰੀ (2) ਵਪਾਰਕ (3) ਨਿੱਜੀ

ਸਾਡੇ ਕੋਰਸ ਵਿੱਚ ਵਪਾਰਕ ਅਤੇ ਨਿਜੀ ਇਸ਼ਤਿਹਾਰਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਸਭ ਤੋਂ ਵੱਧ ਨਿੱਜੀ ਇਸ਼ਤਿਹਾਰਾਂ ਨੂੰ ਤਵੱਜੋ ਦਿੱਤੀ ਜਾਂਦੀ ਹੈ।

**ਵਪਾਰਕ ਇਸ਼ਤਿਹਾਰ –** ਵੱਡੇ ਵਪਾਰਕ ਇਸ਼ਤਿਹਾਰਾਂ ਨੂੰ ਡਿਸਪਲੇਅ ਮੈਥਡ ਰਾਹੀਂ ਪੇਸ਼ ਕਰ ਸਕਦੇ ਹਾਂ। ਇਨ੍ਹਾਂ ਇਸ਼ਤਿਹਾਰਾਂ ਵਿੱਚ ਸ਼ਬਦਾਂ ਦੀ ਸੀਮਾ ਨਹੀਂ ਹੁੰਦੀ। ਤਸਵੀਰ ਰਾਹੀਂ ਵੀ ਇਨ੍ਹਾਂ ਦੀ ਪੇਸ਼ਕਾਰੀ ਕੀਤੀ ਜਾ ਸਕਦੀ ਹੈ। ਇਸ ਨਾਲ ਕਲਾਤਮਕਤਾ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ।

**ਨਿੱਜੀ ਇਸ਼ਤਿਹਾਰ –** ਇਨ੍ਹਾਂ ਨੂੰ ਕਲਾਸੀਫਾਈਡ ਮੈਥਡ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਤਸਵੀਰ ਦੀ ਪੇਸ਼ਕਾਰੀ ਰਾਹੀਂ ਅਭਿਵਿਅਕਤੀ ਨਹੀਂ ਕੀਤੀ ਜਾਂਦੀ ਅਤੇ ਸੰਖੇਪਤਾ ਦੇ ਗੁਣ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਇਸ ਦੀਆਂ ਕਈ ਵੰਨਗੀਆਂ ਹਨ-

| | | | | | | | |
|---|---|---|---|---|---|---|---|
| ਬੇਦਖ਼ਲੀ ਨੋਟਿਸ | ਖਰੀਦਣਾ ਵੇਚਣਾ | ਰਸਮ ਪਗੜੀ | ਗੁਮਸ਼ੁਦਾ ਦੀ ਤਲਾਸ਼ | ਨੌਕਰੀ ਬਾਰੇ | ਨਾਂ ਬਦਲੀ | ਵਿਆਹ ਲਈ ਵਰ/ਕੰਨਿਆ ਦੀ ਲੋੜ | ਅੰਤਮ ਅਰਦਾਸ |

**ਗੁਆਚੇ ਦੀ ਭਾਲ**

ਸਾਡਾ ਮੁੰਡਾ ਹਰਦੀਪ, ਉਮਰ 10 ਸਾਲ, ਰੰਗ ਸਾਫ਼, ਕੱਦ 4 ਫੁੱਟ 7 ਇੰਚ, 30 ਅਪ੍ਰੈਲ 2019 ਨੂੰ ਸਕੂਲ ਗਿਆ, ਵਾਪਸ ਨਹੀਂ ਆਇਆ। ਉਸ ਨੇ ਚਿੱਟੀ ਕਮੀਜ਼ ਤੇ ਨੀਲੀ ਨਿੱਕਰ ਪਾਈ ਹੋਈ ਸੀ। ਪਤਾ ਦੇਣ ਵਾਲੇ ਨੂੰ ਸ਼ੁਕਰਾਨੇ ਵਜੋਂ ਪੰਜ ਹਜ਼ਾਰ ਰੁਪਏ ਦਿੱਤੇ ਜਾਣਗੇ। ਸੂਚਨਾ ਹੇਠਲੇ ਪਤੇ ਤੇ ਦਿਉ-

ਹਰਦਿਆਲ ਸਿੰਘ<br>
360 ਗਲੀ ਕੰਧਾਰੀਆਂ, ਦਿੱਲੀ<br>
ਫੋਨ ਨੰ. 9912345678

**ਪਲਾਟ ਵਿਕਾਊ ਹੈ**

ਮਾਸਟਰ ਮੋਹਨ ਸਿੰਘ ਦਾ, ਨਗਰ ਲੁਧਿਆਣਾ ਵਿੱਚ ਇੱਕ 100 × 40 ਗਜ਼ ਦਾ ਰਿਹਾਇਸ਼ੀ ਪਲਾਟ ਵਿਕਾਊ ਹੈ। ਲੋਕੇਸ਼ਨ ਬਹੁਤ ਵਧੀਆ ਹੈ।

ਸੰਪਰਕ ਕਰੋ

ਆਸ਼ਾ ਪ੍ਰਾਪਰਟੀ ਡੀਲਰਜ਼
ਡੀ.ਡੀ.ਏ. ਮਾਰਕਿਟ
ਕੰਪਨੀ ਬਾਗ ਲੁਧਿਆਣਾ
ਫੋਨ ਨੰ. 8812456789

ਇਸ਼ਤਿਹਾਰ ਲਿਖਣ ਸਮੇਂ ਹੇਠਲੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ–

(1) ਸਿਰਲੇਖ ਸਪਸ਼ਟ ਹੋਣਾ ਚਾਹੀਦਾ ਹੈ।

(2) ਇਕਹਿਰੇ ਬਾਕਸ ਵਿੱਚ ਬਣਾਇਆ ਜਾਣਾ ਚਾਹੀਦਾ ਹੈ।

(3) ਪੂਰੇ ਵਾਕਾਂ ਦੀ ਥਾਂ ਤੇ ਸੰਖੇਪ ਰੂਪ ਵਿੱਚ ਇਸ਼ਤਿਹਾਰ ਲਿਖਣਾ ਚਾਹੀਦਾ ਹੈ।

(4) ਭਾਸ਼ਾ ਸਰਲ, ਸਪਸ਼ਟ, ਧਿਆਨ ਖਿੱਚਵੀਂ ਤੇ ਸਾਰ-ਗਰਭਿਤ ਹੋਣੀ ਚਾਹੀਦੀ ਹੈ।

(5) ਸਹੀ ਥਾਂ ਤੇ ਅਤੇ ਲੋੜ ਅਨੁਸਾਰ ਚਿੱਤਰ ਬਣਾਏ ਜਾ ਸਕਦੇ ਹਨ।

(6) ਅੰਤ ਵਿੱਚ ਇਸ਼ਤਿਹਾਰ ਦੇਣ ਵਾਲੇ ਦਾ ਪਤਾ ਅਤੇ ਫੋਨ ਨੰ. ਲਾਜ਼ਮੀ ਹੋਣਾ ਚਾਹੀਦਾ ਹੈ।

## ਤਸਵੀਰ ਅਧਾਰਿਤ ਵਰਨਣ

ਮਨੁੱਖ ਆਪਣੇ ਪੂਰਵ ਗਿਆਨ ਅਤੇ ਕਲਪਨਾ ਸ਼ਕਤੀ ਦੇ ਆਧਾਰ ਤੇ ਹੀ ਕਿਸੇ ਦ੍ਰਿਸ਼ ਨੂੰ ਵੇਖ ਕੇ ਉਸ ਦਾ ਵਰਨਣ ਭਾਸ਼ਾ ਰਾਹੀਂ ਕਰਦਾ ਹੈ। ਇਸ ਨੂੰ ਤਸਵੀਰ ਅਧਾਰਿਤ ਵਰਨਣ ਕਿਹਾ ਜਾਂਦਾ ਹੈ। ਵਰਨਣ ਲਈ ਦਿੱਤਾ ਗਿਆ ਚਿੱਤਰ ਕਿਸੀ ਘਟਨਾ ਦੀ ਪੇਸ਼ਕਾਰੀ ਕਰਨ ਵਾਲਾ, ਕਿਸੀ ਤਿਉਹਾਰ ਨਾਲ ਸੰਬੰਧਿਤ, ਕੋਈ ਪੂਰਨ ਜਾਂ ਪਰਪੱਕ ਵਿਚਾਰ ਪੇਸ਼ ਕਰਨ ਵਾਲਾ, ਕਿਸੀ ਵਿਅਕਤੀ ਜਾਂ ਪ੍ਰਕ੍ਰਿਤੀ ਨਾਲ ਸੰਬੰਧਿਤ ਹੋ ਸਕਦਾ ਹੈ।

ਚਿੱਤਰ-ਵਰਣਨ ਤੋਂ ਪਹਿਲਾਂ ਹੇਠਲੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ–

(1) ਤਸਵੀਰ/ਚਿੱਤਰ ਨੂੰ ਧਿਆਨ ਨਾਲ ਅਤੇ ਬਰੀਕੀ ਨਾਲ ਘੋਖਣਾ ਚਾਹੀਦਾ ਹੈ।

(2) ਚਿੱਤਰ ਵਿਚੋਂ ਮੁੱਖ ਨੁਕਤਿਆਂ ਨੂੰ ਅੱਡ ਕਰਕੇ ਲਿਖ ਲੈਣਾ ਚਾਹੀਦਾ ਹੈ।

(3) ਪੂਰਵ ਅਨੁਭਵ ਦੇ ਅਧਾਰ ਤੇ ਦ੍ਰਿਸ਼ ਨੂੰ ਚੰਗੀ ਤਰ੍ਹਾਂ ਸਿਰਜਣਾ ਚਾਹੀਦਾ ਹੈ।

(4) ਕਲਪਨਾ ਦੇ ਰੰਗ ਭਰਕੇ ਅਭਿਵਿਅਕਤੀ ਨੂੰ ਹੋਰ ਚੰਗੇਰਾ ਬਣਾਇਆ ਜਾ ਸਕਦਾ ਹੈ।

(5) ਵਿਆਕਰਨਕ ਨੇਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੁੱਧ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ।

ਤਸਵੀਰ ਅਧਾਰਿਤ ਵਰਨਣ ਕੇਵਲ ਜਮਾਤ ਦਸਵੀਂ ਦੇ ਵਿਦਿਆਰਥੀਆਂ ਲਈ ਹੈ। ਵਿਦਿਆਰਥੀਆਂ ਨੂੰ ਇਸ ਪ੍ਰਸ਼ਨ ਦਾ ਵੱਧ ਤੋਂ ਵੱਧ ਅਭਿਆਸ ਕਰਵਾਉਣਾ ਚਾਹੀਦਾ ਹੈ। ਇਸ ਲਈ ਇਸ ਲੇਖ ਵਿੱਚ ਅਧਿਆਪਕਾਂ ਦੀ ਸਹਾਇਤਾ ਲਈ ਕੁਝ ਨਮੂਨੇ ਹੇਠਾਂ ਪੇਸ਼ ਕੀਤੇ ਜਾ ਰਹੇ ਹਨ।

## ਚਿੱਤਰ













# ਵਾਰਤਕ ਅਧਿਆਪਨ

## ਉਦੇਸ਼

ਵਿਦਿਆਰਥੀਆਂ ਨੂੰ ਵਾਰਤਕ ਬਾਰੇ ਮੁੱਢਲੀ ਜਾਣਕਾਰੀ ਦਿੰਦੇ ਹੋਏ ਆਧੁਨਿਕ ਪੰਜਾਬੀ ਵਾਰਤਕ ਦੀ ਵਲਗਣ ਵਿੱਚ ਆਉਣ ਵਾਲੇ ਜੀਵਨੀ, ਲੇਖ ਅਤੇ ਨਿਬੰਧਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਵਿੱਚ ਵਾਰਤਕ ਪੜ੍ਹਨ ਅਤੇ ਸਮਝਣ ਪ੍ਰਤੀ ਰੁਚੀ ਪੈਦਾ ਕਰਨਾ ਅਧਿਆਪਕ ਸਾਥੀਆਂ ਦਾ ਮੂਲ ਉਦੇਸ਼ ਹੋਣਾ ਚਾਹੀਦਾ ਹੈ।

## ਜੀਵਨੀ ਕੀ ਹੈ?

ਜੀਵਨੀ ਸਾਹਿਤ ਇਕ ਪਾਸੇ ਵਿਸ਼ੇ-ਵਸਤੂ ਭਾਵ ਨਾਇਕ ਦੇ ਵਿਅਕਤਿਤਵ ਨੂੰ ਬਿਆਨਦੀ ਹੈ ਅਤੇ ਦੂਜੇ ਪਾਸੇ ਲੇਖਕ ਦੀ ਕਾਵਿ ਸ਼ੈਲੀ ਨੂੰ ਉਭਾਰਦੀ ਹੈ। ਇਸ ਵਿੱਚ ਲੇਖਕ ਕਿਸੇ ਭਾਵੀ ਵਿਅਕਤੀ ਜਾਂ ਅਸਾਧਰਨ ਵਿਅਕਤੀ ਦੇ ਜੀਵਨ ਸਮਾਚਾਰਾਂ ਨੂੰ ਪੇਸ਼ ਕਰਦਾ ਹੈ।

ਅਧਿਆਪਕ ਸਾਥੀਆਂ ਨੂੰ ਤਾਕੀਦ ਕੀਤੀ ਜਾਂਦੀ ਹੈ ਕਿ ਪਾਠ-ਪੁਸਤਕ ਵਿਚਲੇ ਜੀਵਨੀ ਅਧਾਰਿਤ ਪਾਠ ਪੜ੍ਹਾਉਣ ਤੋਂ ਪਹਿਲਾਂ ਜੀਵਨੀ ਬਾਬਤ ਵਿਦਿਆਰਥੀਆਂ ਨੂੰ ਮੁੱਢਲੀ ਜਾਣਕਾਰੀ ਦੇ ਕੇ ਹੀ ਪਾਠ-ਪੁਸਤਕ ਵਿਚਲੀਆਂ ਜੀਵਨੀਆਂ ਦਾ ਅਧਿਐਨ ਕਰਵਾਇਆ ਜਾਵੇ।

ਨੌਵੀਂ ਜਮਾਤ ਵਿੱਚ 'ਡਾ. ਹਰਬੰਸ ਚਾਵਲਾ' ਦੀ 'ਕਰਤਾਰ ਸਿੰਘ ਸਰਾਭਾ' ਉੱਤੇ ਲਿਖੀ ਜੀਵਨੀ ਵਿਦਿਆਰਥੀਆਂ ਲਈ ਸਹੀ ਮਾਇਨੇ ਵਿੱਚ ਪ੍ਰੇਰਨਾ ਸਰੋਤ ਹੈ। ਅਧਿਆਪਕ ਸਾਥੀ ਇਸ ਨੂੰ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਨੂੰ ਪਹਿਚਾਣਦੇ ਹੋਏ ਸਰਲ ਤੇ ਸੁਹਜਾਤਮਕ ਰੂਪ ਵਿੱਚ ਸਮਝਾਉਣ ਦਾ ਜਤਨ ਕਰਨ ਤਾਂ ਜੋ ਉਹ ਇਸ ਜੀਵਨੀ ਤੋਂ ਜੀਵਨੀ-ਮੂਲਕ ਸੇਧ ਪ੍ਰਾਪਤ ਕਰ ਸਕਣ। ਇਸ ਜੀਵਨੀ ਵਿੱਚ ਸਰਾਭੇ ਦੀ 19 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਕੀਤੇ ਬਹਾਦਰੀ ਦੇ ਕਾਰਨਾਮਿਆਂ, ਹੌਂਸਲੇ, ਆਤਮ-ਵਿਸ਼ਵਾਸ ਤੇ ਲਗਨ ਨੂੰ ਦਰਸਾਇਆ ਹੈ।

ਇਸੇ ਲੜੀ ਅਧੀਨ 'ਸੁਨੀਲ ਕੁਮਾਰ ਬੇਦੀ' ਦੀ ਲਿਖੀ ਜੀਵਨੀ 'ਪੁਲਾੜ ਦੀ ਪਰੀ-ਕਲਪਨਾ ਚਾਵਲਾ' ਹੈ। ਇਸ ਜੀਵਨੀ ਵਿੱਚ ਪੁਲਾੜ ਦੀ ਵਿਗਿਆਨੀ ਕਲਪਨਾ ਚਾਵਲਾ ਦੀ ਸੰਘਰਸ਼ਮਈ ਜ਼ਿੰਦਗੀ ਉਪਰ ਰੌਸ਼ਨੀ ਪਾਈ ਗਈ ਹੈ। ਉਸਨੇ ਸਾਰੀ ਦੁਨੀਆਂ ਸਾਹਮਣੇ ਸਿੱਧ ਕਰ ਦਿੱਤਾ ਕਿ ਦ੍ਰਿੜ੍ਹ ਇਰਾਦੇ ਨਾਲ ਜੀਵਨ ਦੇ ਕਿਸੇ ਵੀ ਮੁਕਾਮ ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਸਨੇ ਇਹ ਵੀ ਸਿੱਧ ਕਰ ਦਿੱਤਾ ਕਿ ਔਰਤਾਂ ਕਿਸੇ ਵੀ ਪੱਖੋਂ ਮਰਦਾਂ ਨਾਲੋਂ ਘੱਟ ਨਹੀਂ ਹਨ। ਇਸ ਪ੍ਰੇਰਨਾ ਮੂਲਕ ਜੀਵਨੀ ਨੂੰ ਪੜ੍ਹ ਕੇ ਵਿਦਿਆਰਥੀਆਂ ਦੀ ਸੋਚ ਵਿੱਚ ਹਾਂ-ਪੱਖੀ ਤਬਦੀਲੀ ਆਏਗੀ।

ਦਸਵੀਂ ਜਮਾਤ ਵਿੱਚ 'ਸੁਖਵਿੰਦਰ ਕੌਰ' ਦੀ ਲਿਖੀ ਜੀਵਨੀ 'ਬੀਬੀ ਭਾਨੀ ਜੀ' ਨੂੰ ਪੜ੍ਹਾਉਣ ਤੋਂ ਪਹਿਲਾਂ ਅਧਿਆਪਕ ਸਾਥੀ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਅਤੇ ਪਿਛੋਕੜ ਬਾਬਤ ਜਾਣਕਾਰੀ ਜ਼ਰੂਰ ਦੇਣ ਤਾਂ

ਜੋ ਵਿਦਿਆਰਥੀ ਬੀਬੀ ਭਾਨੀ ਜੀ ਦੀ ਸ਼ਖਸ਼ੀਅਤ ਤੋਂ ਸਹਿਜ-ਸੁਭਾਅ ਹੀ ਪ੍ਰਭਾਵ ਗ੍ਰਹਿਣ ਕਰ ਸਕਣ। ਬੀਬੀ ਭਾਨੀ ਜੀ ਅੰਦਰ ਅਥਾਹ ਸੇਵਾ, ਸ਼ਰਧਾ, ਪਿਆਰ, ਵਿਸ਼ਵਾਸ ਤੇ ਚਰਿੱਤਰ ਦੀ ਸਾਫ਼-ਸੁਥਰੀ ਝਲਕ ਦਿਖਾਈ ਦਿੰਦੀ ਹੈ। ਉਹ ਸਭ ਲਈ ਚਾਨਣ ਮੁਨਾਰਾ ਹਨ।

ਇਸੇ ਕੜੀ ਦੀ ਅਗਲੇਰੀ ਪ੍ਰੇਰਨਾਮਈ ਜੀਵਨੀ 'ਪ੍ਰਕਾਸ਼ ਸਿੰਘ ਗਿੱਲ' ਵੱਲੋਂ ਲਿਖੀ 'ਉੱਡਣਾ ਸਿੱਖ - ਮਿਲਖਾ ਸਿੰਘ' ਹੈ। ਇਹ ਰਚਨਾ ਸਾਨੂੰ ਇਹ ਬੋਧ ਕਰਾਉਂਦੀ ਹੈ ਕਿ ਮਿਲਖਾ ਸਿੰਘ ਜੀਵਨ ਦੀਆਂ ਅਨੇਕਾਂ ਔਕੜਾਂ ਦਾ ਸਾਹਮਣਾ ਕਰਦਾ ਹੋਇਆ ਮਹਾਨ ਖਿਡਾਰੀ ਬਣਿਆ। ਵਿਦਿਆਰਥੀਆਂ ਨੂੰ ਦ੍ਰਿੜ੍ਹ-ਸੰਕਲਪੀ ਬਣਾਉਣ ਵਿੱਚ ਇਹ ਜੀਵਨੀ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ।

'ਡਾ. ਪ੍ਰਿਥਵੀ ਰਾਜ ਥਾਪਰ' ਦੀ ਲਿਖੀ ਜੀਵਨੀ 'ਅਣਥੱਕ ਵਿਗਿਆਨੀ-ਡਾ. ਅਬਦੁਲ ਕਲਾਮ' ਵਿਦਿਆਰਥੀਆਂ ਲਈ ਇੱਕ ਮਾਰਗ ਦਰਸ਼ਕ ਦਾ ਕੰਮ ਕਰਦੀ ਹੈ। ਉਨ੍ਹਾਂ ਨੇ ਵਿਗਿਆਨ ਤੇ ਸੂਚਨਾ ਤਕਨਾਲੋਜੀ ਨੂੰ ਪ੍ਰਮੁੱਖਤਾ ਦਿੱਤੀ। ਸਾਦਾ ਰਹਿਣੀ-ਬਹਿਣੀ ਦੇ ਮਾਲਿਕ ਡਾ. ਕਲਾਮ ਨੇ ਲੋਕਾਂ ਨੂੰ ਧਾਰਮਿਕ ਏਕਤਾ ਬਰਕਰਾਰ ਰੱਖਣ ਦਾ ਸਬਕ ਪੜ੍ਹਾਇਆ। ਆਪਣੀ ਮੌਤ ਸਮੇਂ ਵੀ ਉਹ ਕਾਰਜਸ਼ੀਲ ਸਨ। ਇੱਕ ਭਾਸ਼ਣ ਦੌਰਾਨ ਦਿਲ ਦੇ ਦੌਰੇ ਨਾਲ ਉਨ੍ਹਾਂ ਦੀ ਮੌਤ ਹੋਈ। ਉਨ੍ਹਾਂ ਦੇ ਜੀਵਨ ਦੀ ਆਖ਼ਰੀ ਘਟਨਾ ਵੀ 'ਕੰਮ ਹੀ ਪੂਜਾ' ਦੇ ਸਿਧਾਂਤ ਨੂੰ ਦ੍ਰਿੜ੍ਹ ਕਰਦੀ ਹੈ। ਇਉਂ ਜੀਵਨੀ ਸਾਹਿਤ ਦੀ ਇਕ ਅਜਿਹੀ ਵਿਧਾ ਹੈ ਜੋ ਵਿਦਿਆਰਥੀਆਂ ਦੇ ਮਨ-ਮਸਤਕ ਉੱਤੇ ਗਹਿਰੀ ਛਾਪ ਛੱਡਦੇ ਹੋਏ ਉਨ੍ਹਾਂ ਦੀ ਸ਼ਖਸ਼ੀਅਤ ਵਿੱਚ ਹਾਂ-ਪੱਖੀ ਪਰਿਵਰਤਨ ਲਿਆਉਣ ਵਿੱਚ ਕਾਰਜਸ਼ੀਲ ਸਾਬਤ ਹੁੰਦੀ ਹੈ।

ਪਾਠ-ਪੁਸਤਕ ਵਿਚਲੇ ਲੇਖਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਅਧਿਆਪਕ ਸਾਥੀ ਵਿਦਿਆਰਥੀਆਂ ਨੂੰ ਲੇਖ ਬਾਬਤ ਵਿਸਤ੍ਰਿਤ ਜਾਣਕਾਰੀ ਦੇਣ ਤਾਂ ਜੋ ਵਿਦਿਆਰਥੀ ਇਸ ਵਿਧਾ ਨੂੰ ਪੂਰੀ ਦਿਲਚਸਪੀ ਨਾਲ ਪੜ੍ਹ ਸਕਣ। ਇਥੇ ਵਿਦਿਆਰਥੀਆਂ ਨੂੰ ਦੱਸਣ ਦੀ ਲੋੜ ਹੈ ਕਿ ਕਿਸੇ ਵਿਸ਼ੇ ਬਾਰੇ ਕ੍ਰਮ-ਬੱਧ ਤਰੀਕੇ ਨਾਲ ਲਿਖਕੇ ਆਪਣੇ ਵਿਚਾਰ ਪੇਸ਼ ਕਰਨ ਦੀ ਕਲਾ ਨੂੰ ਹੀ ਲੇਖ ਕਹਿੰਦੇ ਹਨ। ਲੇਖਾਂ ਵਿੱਚ ਆਮ ਤੌਰ ਤੇ ਵਿਚਾਰ, ਚਿੰਤਨ ਅਤੇ ਤਰਕ ਪ੍ਰਧਾਨ ਹੁੰਦਾ ਹੈ। ਮੁੱਖ ਰੂਪ ਵਿੱਚ ਲੇਖ ਸਮਾਜਕ, ਸਭਿਆਚਾਰਕ, ਆਰਥਕ, ਰਾਜਨੀਤਕ, ਵਿਗਿਆਨਕ ਅਤੇ ਵਿੱਦਿਅਕ ਸਮੱਸਿਆ ਨਾਲ ਸੰਬੰਧਤ ਹੁੰਦੇ ਹਨ।

ਨੌਵੀਂ ਜਮਾਤ ਦਾ ਸਭ ਤੋਂ ਪਹਿਲਾ ਲੇਖ 'ਕਬੱਡੀ', ਪ੍ਰਿੰ. ਸਰਵਨ ਸਿੰਘ ਦਾ ਲਿਖਿਆ ਖੇਡ ਅਧਾਰਿਤ ਲੇਖ ਹੈ। ਇਹ ਖੇਡ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਇਸ ਲੇਖ ਤੋਂ ਵਿਦਿਆਰਥੀਆਂ ਨੂੰ ਪੰਜਾਬ ਦੀ ਲੋਕ-ਖੇਡ ਕੱਬਡੀ ਬਾਰੇ ਪਤਾ ਚਲਦਾ ਹੈ, ਜੋ ਪੰਜਾਬੀਆਂ ਦੇ ਲਹੂ ਵਿੱਚ ਸਮਾਈ ਹੋਈ ਹੈ। ਇਹ ਪੰਜਾਬੀਆਂ ਲਈ ਜੀਵਨ ਜਾਚ ਵਾਂਗ ਹੈ। ਇਸ ਤੋਂ ਅਗਲੇਰਾ ਲੇਖ 'ਗੱਪਬਾਜ਼' ਪਿਆਰਾ ਸਿੰਘ ਦਾਤਾ ਦਾ ਲਿਖਿਆ ਹੈ, ਜਿਸ ਵਿੱਚ ਲੇਖਕ ਨੇ ਸਾਡੇ ਸਮਾਜ ਵਿੱਚ ਵਿਚਰਦੀ ਗੱਪਬਾਜ਼ ਸ਼੍ਰੇਣੀ ਤੇ ਚਾਨਣ ਪਾਇਆ ਹੈ। ਇਨ੍ਹਾਂ ਗੱਪਬਾਜ਼ਾਂ ਦੀ ਖਾਸੀਅਤ ਇਹ ਹੈ ਕਿ ਇਹ ਬੰਦੇ ਦਾ ਦਿਲ ਪਰਚਾਈ ਰੱਖਦੇ ਹਨ ਤੇ ਨਿਰਾਸਤਾ ਨੂੰ ਨੇੜੇ ਨਹੀਂ ਢੁਕਣ ਦਿੰਦੇ।

'ਸ੍ਵੈ-ਰੱਖਿਆ' ਲੇਖ ਸਾਧੂ ਸਿੰਘ ਆਂਚਲ ਦਾ ਲਿਖਿਆ ਹੋਇਆ ਲੇਖ ਹੈ। ਅਜੋਕੇ ਸਮਾਜ ਵਿੱਚ ਵਿਚਰਨ ਵਾਲੇ ਵਿਦਿਆਰਥੀਆਂ ਨੂੰ ਸ੍ਵੈ-ਰੱਖਿਆ ਪੜ੍ਹਨਾ ਲਾਹੇਵੰਦ ਹੈ ਤਾਂ ਜੋ ਉਹ ਇਸ ਲੇਖ ਦੇ ਹਵਾਲੇ ਨਾਲ ਸ੍ਵੈ-ਰੱਖਿਆ ਪ੍ਰਤੀ ਚੇਤੰਨ ਤੇ ਕਾਰਜਸ਼ੀਲ ਹੋ ਸਕਣ। ਲੇਖਕ ਨੇ ਇਸ ਚਰਚਾ ਵਿੱਚ ਦੱਸਿਆ ਹੈ ਕਿ ਅਸੀਂ ਆਪਣੀ ਸੁਰੱਖਿਆ ਕਿਹੜੇ ਢੰਗ/ਤਰੀਕੇ ਨਾਲ ਕਰ ਸਕਦੇ ਹਾਂ। ਬਿਨਾਂ ਹਥਿਆਰਾਂ ਦੇ ਕੇਵਲ ਆਪਣੇ ਸਰੀਰਕ ਅੰਗਾਂ ਦੀ ਵਰਤੋਂ ਕਰਕੇ ਵੀ ਅਸੀਂ ਆਪਣੀ ਰੱਖਿਆ ਕਰਨ ਵਿੱਚ ਸਮਰੱਥ ਹਾਂ। ਸਮੇਂ ਦੀ ਮੰਗ ਅਨੁਸਾਰ ਹਰ ਮਨੁੱਖ ਨੂੰ ਆਪਣੀ ਸੁਰੱਖਿਆ ਕਰਨੀ ਸਿੱਖਣੀ ਚਾਹੀਦੀ ਹੈ।

'ਪੰਜਾਬੀ ਵਿਰਸਾ' ਲੇਖ ਹਰਕੇਸ਼ ਸਿੰਘ ਕਹਿਲ ਦੀ ਖ਼ੂਬਸੂਰਤ ਰਚਨਾ ਹੈ, ਜਿਸ ਵਿੱਚ ਉਨ੍ਹਾਂ ਨੇ ਪੰਜਾਬੀ ਵਿਰਸੇ ਵਿੱਚੋਂ ਅਲੋਪ ਹੋ ਰਹੀਆਂ ਚੀਜ਼ਾਂ ਦਾ ਜ਼ਿਕਰ ਕੀਤਾ ਹੈ। 'ਸਰ੍ਹੋਂ ਦਾ ਸਾਗ, ਜੰਡ ਦਾ ਰੁੱਖ ਅਤੇ ਸੱਗੀ ਫੁੱਲ' ਦਾ ਗਹਿਣਾ ਕੁਝ ਕੁ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਦਾ ਚਲਨ ਅਜੋਕੇ ਪੰਜਾਬੀ ਸਮਾਜ ਵਿੱਚ ਘਟਦਾ ਜਾ ਰਿਹਾ ਹੈ। ਇਹ ਪਾਠ ਆਪਣੇ ਵਿਰਸੇ ਨੂੰ ਸੰਭਾਲਣ ਦੀ ਤਾਕੀਦ ਕਰਦਾ ਹੈ।

ਦਸਵੀਂ ਜਮਾਤ ਨੂੰ ਪੜ੍ਹਾਉਂਦਿਆਂ ਲੇਖਾਂ ਦੀ ਲੜੀ ਵਿੱਚ ਸਭ ਤੋਂ ਪਹਿਲਾ ਲੇਖ 'ਆਦਤਾਂ' ਆਉਂਦਾ ਹੈ, ਜੋ ਕਿ ਰਜਿੰਦਰ ਸਿੰਘ ਦੀ ਰਚਨਾ ਹੈ। ਇਸ ਲੇਖ ਵਿੱਚ ਉਹ ਸਿਹਤ ਨਾਲ ਜੁੜੇ ਕੁਝ ਨੁਕਤਿਆਂ ਉੱਪਰ ਰੋਸ਼ਨੀ ਪਾਉਂਦੇ ਹਨ ਅਤੇ ਚਾਹ ਪੀਣ ਨੂੰ ਸਿਹਤ ਲਈ ਹਾਨੀਕਾਰਕ ਮੰਨਦੇ ਹੋਏ, ਸਵੇਰੇ ਜਲਦੀ ਉੱਠਣ, ਸੈਰ ਕਰਨ, ਯੋਗ ਆਸਨ ਕਰਨ ਆਦਿ ਕਰਨ ਉਪਰ ਜ਼ੋਰ ਦਿੰਦੇ ਹਨ। ਗੂੜ੍ਹੀ ਨੀਂਦ ਨੂੰ ਵੀ ਚੰਗੀ ਸਿਹਤ ਲਈ ਜ਼ਰੂਰੀ ਮੰਨਦੇ ਹਨ। ਇਉਂ ਵਿਦਿਆਰਥੀ ਇਸ ਲੇਖ ਨੂੰ ਪੜ੍ਹ ਕੇ ਸਿਹਤ ਪ੍ਰਤੀ ਜਾਗਰੂਕ ਹੁੰਦੇ ਹਨ ਅਤੇ ਇਸ ਲੇਖ ਤੋਂ ਮਹੱਤਵਪੂਰਨ ਸਿੱਖਿਆ ਗ੍ਰਹਿਣ ਕਰਦੇ ਹਨ।

'ਡਾ. ਹਰਸ਼ਿੰਦਰ ਕੌਰ' ਦਾ ਲੇਖ ਹੈਂਕੜ ਅਤੇ ਹਉਮੈ ਦੀ ਮਾਰ ਵਿੱਚ ਲੇਖਿਕਾ ਨੇ ਹੰਕਾਰ ਕਾਰਨ ਹੁੰਦੇ ਨੁਕਸਾਨ ਦੀ ਸਮੱਸਿਆ ਉਪਰ ਜ਼ੋਰ ਦਿੱਤਾ ਹੈ। ਲੇਖ ਵਿੱਚ ਹੰਕਾਰੀ ਵਿਅਕਤੀ ਨਾਲ ਨਜਿੱਠਣ ਅਤੇ ਉਸਦੇ ਅਸਰ ਤੋਂ ਬਚਣ ਲਈ ਕਈ ਸੁਝਾਅ ਦਿੱਤੇ ਹਨ। ਅਜਿਹੇ ਮਨੋਵਿਗਿਆਨਕ ਵਿਸ਼ਿਆਂ ਦੀ ਜਾਣਕਾਰੀ ਵਿਦਿਆਰਥੀਆਂ ਲਈ ਮਹੱਤਵਪੂਰਨ ਜਾਪਦੀ ਹੈ।

ਇਸ ਲੜੀ ਵਿੱਚ ਅਗਲੇਰਾ ਲੇਖ 'ਪੱਛੋਂ ਦੀਆਂ ਪੈਣ ਕਣੀਆਂ' ਲੇਖਕ ਪ੍ਰੀਤਮ ਰੂਪਾਲ ਦੀ ਰਚਨਾ ਸਾਡੇ ਮੂਹਰੇ ਆਉਂਦੀ ਹੈ। ਇਸ ਵਿੱਚ ਲੇਖਕ ਨੇ ਟਰੈਕਿੰਗ ਬਾਰੇ ਆਪਣਾ ਅਨੁਭਵ ਸਾਂਝਾ ਕੀਤਾ ਹੈ। ਇਸ ਪਾਠ ਤੋਂ ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਬਾਰੇ ਵੀ ਪਤਾ ਚਲਦਾ ਹੈ ਕਿ ਕਿਸੇ ਅਨੁਭਵੀ ਦੇ ਸਾਥ ਵਿੱਚ ਰਹਿ ਕੇ ਮਨੁੱਖ ਤਜ਼ਰਬੇਕਾਰ ਬਣਦਾ ਹੈ।

'ਪੰਜਾਬ ਦੇ ਲੋਕਗੀਤ' ਲੇਖ ਦੀ ਲੇਖਿਕਾ ਤੇਜਿੰਦਰ ਕੌਰ ਆਪਣੇ ਇਸ ਲੇਖ ਵਿੱਚ ਪੰਜਾਬ ਦੇ ਲੋਕ ਗੀਤਾਂ ਦਾ ਵਰਨਣ ਕਰਦੀ ਹੈ। ਅਸੀਂ ਜਾਣਦੇ ਹਾਂ ਕਿ ਪੰਜਾਬ ਲੋਕਗੀਤਾਂ ਦੀ ਧਰਤੀ ਹੈ। ਪੰਜਾਬ ਦੇ ਲੋਕਾਂ ਦੇ ਜੀਵਨ ਵਿੱਚ ਇਹਨਾਂ ਲੋਕਗੀਤਾਂ ਨੇ ਮਿਸ਼ਰੀ ਘੋਲੀ ਹੋਈ ਹੈ। ਪੰਜਾਬੀ ਜੰਮਦਾ, ਜਿਉਂਦਾ ਤੇ ਮਰਦਾ ਵੀ ਗੀਤਾਂ ਵਿੱਚ ਹੈ। ਇਸ ਲੇਖ ਰਾਹੀਂ ਰਚਨਾਕਾਰ ਨੇ ਲੋਕਗੀਤਾਂ ਦੀ ਵੱਡਮੁੱਲੀ ਵਿਰਾਸਤ ਨੂੰ ਸੰਭਾਲਣ ਦੀ ਤਾਕੀਦ ਕੀਤੀ ਹੈ।

ਅਖੀਰਲਾ ਲੇਖ 'ਕਲਾਤਮਕ ਰੁਚੀਆਂ-ਪ੍ਰਕਿਰਤੀ ਤੇ ਪਹਿਚਾਣ' ਡਾ. ਦਵਿੰਦਰ ਸੈਫੀ ਦੀ ਬੇਮਿਸਾਲ ਰਚਨਾ ਹੈ। ਜਿਸ ਵਿੱਚ ਜੀਵਨ ਦੀ ਕਲਾਤਮਕਤਾ ਦੀ ਪਛਾਣ ਕਰਨ ਦੇ ਢੰਗ-ਤਰੀਕਿਆਂ ਉਪਰ ਰੌਸ਼ਨੀ ਪਾਈ ਗਈ ਹੈ। ਲੇਖਕ ਨੇ ਮੁੱਖ ਧਿਆਨ ਬੱਚਿਆਂ ਅੰਦਰ ਮੌਜੂਦ ਰੁਚੀਆਂ ਨੂੰ ਉਭਾਰਨ ਉਪਰ ਕੇਂਦਰਿਤ ਕੀਤਾ ਹੈ। ਅਧਿਆਪਕ ਅਤੇ ਵਿਦਿਆਰਥੀ ਦੋਹਾਂ ਲਈ ਇਹ ਲੇਖ ਮਹੱਤਵਪੂਰਨ ਹੈ ਤੇ ਇਕ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

ਇਉਂ ਅਧਿਆਪਕ ਸਾਥੀ ਵਾਰਤਕ ਪੜ੍ਹਾਉਣ ਲੱਗਿਆਂ ਇਸ ਨੂੰ ਗਿਆਨ ਪ੍ਰਾਪਤੀ ਦੇ ਨਜ਼ਰੀਏ ਤੋਂ ਵਿਦਿਆਰਥੀਆਂ ਦੀ ਸਮਰੱਥਾ ਅਨੁਸਾਰ ਪ੍ਰਭਾਵਸ਼ਾਲੀ ਢੰਗ ਨਾਲ ਕੁਝ ਕੁ ਅਧਿਆਪਕੀ ਤਕਨੀਕਾਂ ਜਿਵੇਂ ਅਰਥ ਬੋਧ, ਅਧਿਆਪਨ ਵਿਧੀ, ਪ੍ਰਸ਼ਨ-ਉੱਤਰ ਅਧਿਆਪਨ ਵਿਧੀ, ਵਿਆਖਿਆ ਅਧਿਆਪਨ ਵਿਧੀ ਨੂੰ ਅਪਨਾ ਕੇ ਵਿਦਿਆਰਥੀਆਂ ਨੂੰ ਪੜ੍ਹਾ ਸਕਦੇ ਹਨ। ਇਉਂ ਸੁਚੱਜੇ ਢੰਗ ਨਾਲ ਵਾਰਤਕ ਪੜ੍ਹਾਉਣ ਨਾਲ ਜਿੱਥੇ ਵਿਦਿਆਰਥੀਆਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ, ਉੱਥੇ ਉਨ੍ਹਾਂ ਦਾ ਉਚਾਰਨ ਵੀ ਸ਼ੁੱਧ ਤੇ ਸਪਸ਼ਟ ਹੋਵੇਗਾ। ਇਉਂ ਵਾਰਤਕ ਨੂੰ ਰੌਚਕ ਤੇ ਮਨੋਰੰਜਕ ਢੰਗ ਨਾਲ ਪੜ੍ਹਾਉਣ ਨਾਲ ਵਿਦਿਆਰਥੀਆਂ ਦੇ ਭਾਸ਼ਾ ਸੰਬੰਧੀ ਗਿਆਨ ਨੂੰ ਸਹਿਜੇ ਹੀ ਵਧਾਇਆ ਜਾ ਸਕਦਾ ਹੈ।

# ਕਹਾਣੀ ਅਤੇ ਇਕਾਂਗੀ

## ਕਹਾਣੀ ਦਾ ਪਿਛੋਕੜ ਤੇ ਕਹਾਣੀ ਦੀ ਅਧਿਆਪਨ ਵਿਧੀ

**ਪਿਛੋਕੜ :** ਪੁਰਾਤਨ ਸਮੇਂ ਤੋਂ ਹੀ ਕਹਾਣੀ ਸੁਣੀ ਅਤੇ ਸੁਣਾਈ ਜਾਂਦੀ ਰਹੀ ਹੈ। ਕਹਾਣੀ ਦੇ ਨਿਕਾਸ ਨੂੰ ਅਸੀਂ ਬਾਤਾਂ ਅਤੇ ਕਿੱਸਿਆਂ ਦੇ ਸੁਣਨ ਸੁਣਾਉਣ ਤੋਂ ਲੈ ਸਕਦੇ ਹਾਂ। ਭਾਵ ਇਸ ਦਾ ਜਨਮ ਦਿਲ ਪਰਚਾਵੇ ਜਾਂ ਇਤਿਹਾਸਕ ਹਵਾਲਿਆਂ ਨੂੰ ਸੁਣਨ-ਸੁਣਾਉਣ ਤੋਂ ਹੋਇਆ। ਭਾਵ ਪਹਿਲੇ ਇਹ ਮੌਖਿਕ ਹੁੰਦੀ ਸੀ।

ਆਧੁਨਿਕ ਸਮੇਂ ਵਿਚ ਕਹਾਣੀ ਸਾਹਿਤ ਦੀ ਇਕ ਬਹੁਤ ਹਰਮਨ ਪਿਆਰੀ ਵਿਧਾ ਹੈ ਭਾਵੇਂ ਕਹਾਣੀ ਦਾ ਅਜੋਕਾ ਸਰੂਪ ਤੇ ਵਿਧਾ ਪਰੰਪਰਕ ਕਥਾ-ਕਹਾਣੀ ਤੋਂ ਬਿਲਕੁਲ ਅਲੱਗ ਹੈ ਪਰ ਇਸ ਦੀ ਬਣਤਰ ਵਿਚ ਅੱਜ ਵੀ ਪੁਰਾਤਨ ਤੱਤ ਮੌਜੂਦ ਹਨ। ਅਜੋਕੀ ਕਹਾਣੀ ਦੀਆਂ ਜੁਗਤਾਂ ਅਤੇ ਤਕਨੀਕ ਵਿਚ ਸਮੇਂ ਅਨੁਸਾਰ ਅੰਤਰ ਆ ਚੁੱਕਾ ਹੈ। ਪੁਰਾਤਨ ਕਹਾਣੀਆਂ ਦੇ ਉੱਤੇ ਸਾਖੀਆਂ, ਕਿੱਸੇ, ਲੋਕ ਕਹਾਣੀਆਂ ਦਾ ਪ੍ਰਭਾਵ ਵਧੇਰੇ ਹੁੰਦਾ ਸੀ। ਫਿਰ ਕਹਾਣੀ ਦਾ ਉਹ ਦੌਰ ਆਇਆ, ਜਦੋਂ ਇਨ੍ਹਾਂ ਦੀ ਥਾਂ ਸਮਾਜਿਕ ਉਦੇਸ਼ਾਂ ਦੇ ਵਿਸ਼ਿਆਂ ਨੇ ਲੈ ਲਈ। ਸਧਾਰਨ ਜੀਵਨ ਦੇ ਵੱਖ-ਵੱਖ ਖੇਤਰਾਂ ਕਿਰਸਾਨੀ ਜੀਵਨ, ਸ਼ਹਿਰੀ ਜੀਵਨ ਅਤੇ ਮੱਧ ਅਤੇ ਉੱਚ ਵਰਗ ਦੇ ਪਾਤਰਾਂ ਦੀ ਗੱਲ ਕਰਦੀ ਹੋਈ ਸਮਕਾਲੀ ਕਹਾਣੀ ਹੁਣ ਮਨੁੱਖ ਦੇ ਇਰਦ-ਗਿਰਦ ਰਹਿ ਗਈ। ਅਜੋਕੇ ਦੌਰ ਵਿਚ ਪਾਤਰਾਂ ਦੇ ਚਰਿੱਤਰ ਚਿਤਰਨ ਵਿੱਚ ਬਦਲਾਅ ਆਉਣ ਲਗੇ। ਵਿਸ਼ਵ ਕੇਂਦਰੀਕਰਨ ਦੇ ਅਜੋਕੇ ਦੌਰ ਵਿਚ ਮਨੁੱਖ ਦੇ ਸਿਮਟ ਜਾਣ ਨਾਲ ਮਨੁੱਖੀ ਮਨ ਦੀਆਂ ਉਲਝਣਾਂ ਜਾਂ ਮਨੋ ਸਥਿਤੀ ਨੂੰ ਆਪਣੇ ਕੇਂਦਰ ਵਿਚ ਰੱਖ ਕੇ ਕਹਾਣੀ ਸਾਹਮਣੇ ਆਉਣ ਲੱਗੀ।

ਕਹਾਣੀ, ਸਾਹਿਤ ਦੀ ਐਸੀ ਵਿਧਾ ਹੈ ਜੋ ਦਿਲਚਸਪ ਹੁੰਦੀ ਹੈ। ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਕਹਾਣੀ ਇਕ ਬੈਠਕ ਵਿਚ ਸਮਾਪਤ ਹੋ ਜਾਣ ਵਾਲੀ ਸਾਹਿਤਕ ਸਿਰਜਨਾ ਹੈ, ਇਹੀ ਤੱਤ ਇਸ ਵਿਧਾ ਨੂੰ ਰੌਚਕ ਬਣਾਉਂਦਾ ਹੈ। ਕਹਾਣੀ ਕਿਸੇ ਮੂਲ ਘਟਨਾ ਨੂੰ ਵਿਸਤਾਰ ਸਹਿਤ ਵਰਨਣ ਕਰਕੇ ਵੀ ਰਚੀ ਜਾਂਦੀ ਹੈ ਕੁਝ ਛੋਟੀਆਂ ਘਟਨਾਵਾਂ ਦੇ ਸਮੂਹ ਨੂੰ ਇਕੱਤਰ ਕਰਕੇ ਵੀ, ਪਰ ਦੋਹਾਂ ਹੀ ਸਥਿਤੀਆਂ ਵਿਚ ਕਹਾਣੀਕਾਰ ਕਹਾਣੀ ਦੇ ਮੂਲ ਕੇਂਦਰੀ ਪਾਤਰ ਨੂੰ ਉਭਾਰਨ ਨੂੰ ਲੈ ਕੇ ਕਹਾਣੀ ਰਚਨਾ ਕਰਦਾ ਹੈ ਜਾਂ ਕਹਾਣੀਕਾਰ ਕਿਸੇ ਖਾਸ ਉਦੇਸ਼ ਨੂੰ ਲੈ ਕੇ ਕਹਾਣੀ ਦੀ ਰਚਨਾ ਕਰਦਾ ਹੈ। ਸਮਕਾਲੀ ਕਹਾਣੀ ਨਿਰੋਲ ਮਨੁੱਖ ਨਾਲ ਸੰਬੰਧਤ ਹੈ। ਪੁਰਾਤਨ ਬਾਤਾਂ ਦੀ ਤਰ੍ਹਾਂ ਇਨ੍ਹਾਂ ਦੇ ਪਾਤਰ ਪਸ਼ੂ-ਪੰਛੀ, ਦੇਵਤੇ, ਰਾਖਸ਼ ਜਾਂ ਪਰੀਆਂ ਨਹੀਂ ਹਨ। ਅਜੋਕੀ ਕਹਾਣੀ ਮਨੁੱਖੀ ਸੋਚ ਅਤੇ ਉਲਝਨਾਂ ਦਾ ਵਿਸ਼ਾ ਲੈ ਕੇ ਸਿਰਜੀ ਜਾ ਰਹੀ ਹੈ।

### ਕਹਾਣੀ ਦੀ ਅਧਿਆਪਨ ਵਿਧੀ

ਅਧਿਆਪਕ ਸਾਥੀ ਸਭ ਤੋਂ ਪਹਿਲਾਂ ਕਹਾਣੀ ਦੇ ਲੇਖਕ ਬਾਰੇ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕਰਨ। ਕਹਾਣੀ ਵਿਚ ਲੁਕੇ ਉਦੇਸ਼ਾਂ ਨੂੰ ਸਮਝਾਉਣ ਅਤੇ ਕਹਾਣੀ ਵਿਚਲੇ ਪਾਤਰਾਂ ਦਾ ਪਾਤਰ ਚਿਤਰਨ ਕਰਨ।

ਇਹ ਗੱਲ ਵੀ ਮਹੱਤਵਪੂਰਨ ਹੈ ਕਿ ਜਿੰਨੀ ਦੇਰ ਤਕ ਕਿਸੇ ਵੀ ਪੁਸਤਕ ਦੇ ਪਾਠ ਨੂੰ ਧਿਆਨ ਨਾਲ ਨਹੀਂ ਪੜ੍ਹਿਆ ਜਾਵੇ ਓਨੀ ਦੇਰ ਤਕ ਪਾਠ ਦੇ ਸੰਦੇਸ਼ ਜਾਂ ਵਿਸ਼ੇ ਦੀ ਸਮਝ ਨਹੀਂ ਆ ਸਕਦੀ। ਸੋ, ਵਿਦਿਆਰਥੀਆਂ ਨੂੰ ਬਲਕਿ ਅਧਿਆਪਕ ਨੂੰ ਆਪ ਵੀ ਕਹਾਣੀ ਪਾਠ ਦਾ ਚੰਗੀ ਤਰ੍ਹਾਂ ਅਧਿਐਨ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਕਹਾਣੀ ਦੇ ਸਿਰਲੇਖ ਨਾਲ ਜੋੜ ਕੇ ਕਹਾਣੀ ਦੀ ਚਾਲ ਨੂੰ ਅੱਗੇ ਤੋਰਿਆ ਜਾਵੇ। ਕਹਾਣੀ ਵਿਚ ਆਏ ਕਿਸੇ ਨਵੇਂ ਸ਼ਬਦ ਨੂੰ ਨਿਸ਼ਾਨ ਲਾਉਣ ਨੂੰ ਕਿਹਾ ਜਾਵੇ ਤੇ ਉਸ ਸ਼ਬਦ ਬਾਰੇ ਜਾਣਕਾਰੀ ਦਿੱਤੀ ਜਾਵੇ।

ਕਹਾਣੀ ਦੇ ਪਾਠ ਨੂੰ ਪੂਰਾ ਹੋਣ ਤੋਂ ਬਾਅਦ ਵਿਦਿਆਰਥੀਆਂ ਕੋਲੋਂ ਇਸ ਦਾ ਸਾਰ ਪੁੱਛ ਕੇ ਉਨ੍ਹਾਂ ਦੇ ਗਿਆਨ ਦੀ ਪਰਖ ਕੀਤੀ ਜਾ ਸਕਦੀ ਹੈ ਤੇ ਕਹਾਣੀ ਵਿਚਲੇ ਉਦੇਸ਼ ਜਾਂ ਸੰਦੇਸ਼ ਦੀ ਵਿਦਿਆਰਥੀਆਂ ਤੱਕ ਹੋਈ ਪਹੁੰਚ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਕਹਾਣੀਕਾਰ ਦੀਆਂ ਕੁਝ ਹੋਰ ਕਹਾਣੀਆਂ ਵਿਦਿਆਰਥੀਆਂ ਨੂੰ ਸੁਣਾਵੇ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਲਪਨਾ ਸ਼ਕਤੀ ਦੇ ਅਧਾਰ ’ਤੇ ਕਹਾਣੀ ਸਿਰਜਨਾ ਵੱਲ ਪ੍ਰੇਰਿਤ ਕਰੇ ਅਤੇ ਉਨ੍ਹਾਂ ਦੀ ਪ੍ਰਤਿਭਾ ਦੇ ਵਿਕਾਸ ਲਈ ਵਿਦਿਆਰਥੀਆਂ ਨੂੰ ਆਪਣੀ ਰਚੀ ਕਹਾਣੀ ਦੀ ਵਿਆਖਿਆ ਕਰਨ ਲਈ ਪ੍ਰੇਰਿਤ ਕਰੇ।

## ਨੌਵੀਂ ਜਮਾਤ ਦੀ ਪਾਠ ਪੁਸਤਕ ਦੀਆਂ ਕਹਾਣੀਆਂ

ਇਸ ਪਾਠ ਪੁਸਤਕ ਵਿਚ ਪਹਿਲੀ ਕਹਾਣੀ ਸੰਤੋਖ ਸਿੰਘ ਧੀਰ ਦੀ ‘ਇਕ ਸਧਾਰਨ ਆਦਮੀ’ ਹੈ, ਜੋ ਕਿ ਪੰਜਾਬੀ ਦੇ ਮੰਨੇ ਪ੍ਰਮੰਨੇ ਲੇਖਕ ਸਨ। ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ ਵਿਚ ਆਪ ਨੇ ਲਿਖਿਆ ਹੈ। ਉਨ੍ਹਾਂ ਨੂੰ ਸਾਹਿਤ ਦੇ ਕਈ ਸਨਮਾਨਾਂ ਨਾਲ ਨਿਵਾਜਿਆ ਗਿਆ।

‘ਇਕ ਸਧਾਰਨ ਆਦਮੀ’ ਕਹਾਣੀ ਆਪਣੇ ਸਿਰਲੇਖ ਨਾਲ ਨਿਆਂ ਕਰਦੀ ਪੁਰਾਤਨ, ਕਿਰਸਾਨੀ ਜੀਵਨ ਦੀ ਤਸਵੀਰ ਪੇਸ਼ ਕਰਦੀ ਪਿੰਡ ਦੇ ਇਕ ਸਾਧਾਰਨ ਅਤੇ ਸ਼ਰੀਫ ਕਿਸਾਨ ਜਿਊਣੇ ਵਰਗੇ ਬੰਦੇ ਦੇ ਇਰਦ-ਗਿਰਦ ਘੁੰਮਦੀ ਹੈ। ਪੇਂਡੂ ਕਿਸਾਨੀ, ਕਾਰ-ਵਿਹਾਰ ਦੌਰਾਨ ਵਰਤੇ ਗਏ ਸੰਦਾਂ ਅਤੇ ਇਨ੍ਹਾਂ ਵਿਹਾਰਾਂ ਦੇ ਨਾਂ ਨੂੰ ਲੇਖਕ ਨੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਹੈ। ਇਕ ਸਧਾਰਨ ਮਨੁੱਖ ਦਾ ਚਿੱਤਰ ਪੇਸ਼ ਕਰਨ ਲਈ ਜਿੱਥੇ ਲੇਖਕ ਨੇ ਜਿਊਣੇ ਦੀਆ ਆਦਤਾਂ, ਪਹਿਰਾਵੇ ਅਤੇ ਬੋਲ-ਬਾਣੀ ਦੇ ਅਧਾਰ ਤੇ ਕਹਾਣੀ ਵਿਚ ਰੌਚਕਤਾ ਪੈਦਾ ਕੀਤੀ ਹੈ, ਉੱਥੇ ਸੱਦਾ ਸਿੰਘ ਦਾ ਚਰਿੱਤਰ ਪੇਸ਼ ਕਰਨ ਲਈ ਵੀ ਬਹੁਤ ਪ੍ਰਭਾਵਸ਼ਾਲੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।

ਕਤਲ ਤੋਂ ਬਾਅਦ ਜਿਊਣੇ ਦੀ ਮਨੋਸਥਿਤੀ ਉਭਾਰਨ ਲਈ ਇੱਧਰ-ਉੱਧਰ ਲੁਕਦੇ ਫਿਰਨਾ ਅਤੇ ਉਸ ਦੀ ਬੇਚੈਨੀ ਨੂੰ ਲੇਖਕ ਨੇ ਬੜੇ ਸੁਚੱਜੇ ਢੰਗ ਨਾਲ ਪਾਠਕ ਅੱਗੇ ਪੇਸ਼ ਕੀਤਾ ਹੈ। ਜਿਸ ਨਾਲ ਕਹਾਣੀ ਦੇ ਅੰਤ ਤੱਕ ਪਾਠਕ ਦੀ ਉਤਸੁਕਤਾ ਬਰਕਰਾਰ ਰਹਿੰਦੀ ਹੈ। ਅਖੀਰ ਸੱਚ ਨੂੰ ਸਵੀਕਾਰ ਕਰਕੇ ਜਿਊਣੇ ਦੀ ਬੇਚੈਨੀ ਨੂੰ ਕੁਝ ਠਰ੍ਹੰਮਾ ਮਿਲਦਾ ਹੈ।

ਇਸ ਪਾਠ ਪੁਸਤਕ ਦੀ ਦੂਜੀ ਕਹਾਣੀ ਬੰਤ ਸਿੰਘ ਚੱਠਾ ਦੁਆਰਾ ਲਿਖੀ ‘ਪ੍ਰਦੇਸ ਨਾ ਤੋਰੀਂ ਬਾਬਲਾ’ ਹੈ। ਕਈ ਕਹਾਣੀ ਸੰਗ੍ਰਹਿਾਂ ਤੋਂ ਇਲਾਵਾ ਆਪ ਨੇ ਨਾਵਲ, ਲੇਖ, ਸ੍ਵੈ-ਜੀਵਨੀ ਅਤੇ ਵਾਰਤਕ ਖੇਤਰ ਵਿੱਚ ਵੀ ਯੋਗਦਾਨ ਪਾਇਆ ਹੈ। ਉਪਰੋਕਤ ਕਹਾਣੀ ਅਜੋਕੇ ਬੇਰੁਜ਼ਗਾਰੀ ਦੇ ਮਾਹੌਲ ’ਤੇ ਕਟਾਖਸ਼ ਕਰਦੀ ਹੋਈ ਪੰਜਾਬ ਵਿੱਚ ਬਾਹਰਲੇ ਮੁਲਕਾਂ ਵਿਚ ਜਾਣ ਦੀ ਖਿੱਚ ਨੂੰ ਰੂਪਮਾਨ ਕਰਦੀ ਹੈ। ਸਰਕਾਰੀ ਨੌਕਰੀ ਦੀ ਮੰਗ ਕਰਦੇ ਬੇਰੁਜ਼ਗਾਰਾਂ ਦੇ ਹਾਲਾਤਾਂ ਨੂੰ ਲੇਖਕ ਨੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕੀਤਾ ਹੈ। ਇਨ੍ਹਾਂ ਹਾਲਾਤਾਂ ’ਚੋਂ ਪੈਦਾ ਹੋਈਆਂ ਪੜ੍ਹੀਆਂ-ਲਿਖੀਆਂ ਜਵਾਨ ਧੀਆਂ ਦੇ ਮਾਪਿਆਂ ਦੀਆਂ ਮਜਬੂਰੀਆਂ ਦਾ ਜ਼ਿਕਰ ਕਰਨ ਲਈ

ਲੇਖਕ ਨੇ ਜਿਸ ਅਧਖੜ ਉਮਰ ਦੇ ਵਿਦੇਸ਼ 'ਚ ਵਸੇ ਮੁੰਡੇ ਦਾ ਉਸ ਤੋਂ ਅੱਧੀ ਉਮਰ ਦੀ ਜਵਾਨ ਕੁੜੀ ਨਾਲ ਰਿਸ਼ਤਾ ਜੋੜਨ ਲਈ ਜਿਸ ਤਰ੍ਹਾਂ ਕਹਾਣੀ ਨੂੰ ਅੱਗੇ ਵਧਾਇਆ ਹੈ, ਉਹ ਅਜੋਕੇ ਪੰਜਾਬ ਦੇ ਵਿਦੇਸ਼ਾਂ ਵਿਚ ਵੱਸਣ ਦੇ ਵੱਧ ਰਹੇ ਰੁਝਾਨ ਦਾ ਸੂਚਕ ਹੈ। 'ਸੌਦਾ' ਅਤੇ 'ਟੂਲ' ਵਰਗੇ ਸ਼ਬਦਾਂ ਨੂੰ ਪੁੱਠੇ ਕਾਮਿਆਂ ਰਾਹੀਂ ਦਰਸਾ ਕੇ ਲੇਖਕ ਪਾਠਕ ਦਾ ਧਿਆਨ ਸਹਿਜ ਹੀ ਲੇਖਕ ਰਾਹੀਂ ਸਿਰਜੇ ਗਏ ਕਟਾਖਸ਼ ਵਲ ਖਿੱਚਦਾ ਹੈ।

ਤੀਜੀ ਕਹਾਣੀ, ਬਚਿੰਤ ਕੌਰ ਦੀ 'ਦੁੱਧ ਤੇ ਪੁੱਤ' ਹੈ। ਕਹਾਣੀਆਂ, ਨਾਵਲ, ਸ੍ਵੈ-ਜੀਵਨੀ ਅਤੇ ਕਈ ਬਾਲ ਪੁਸਤਕਾਂ ਦੀ ਲੇਖਿਕਾ ਆਪਣੀ ਸਰਲ ਤੇ ਸੰਖੇਪ ਸ਼ੈਲੀ ਵਿੱਚ ਕਹਾਣੀਆਂ ਦੀ ਰਚਨਾ ਕਰਦੀ ਹੈ। ਇਸ ਕਹਾਣੀ ਵਿਚ ਲੇਖਿਕਾ ਨੇ ਸਮਾਜ ਦੇ ਤਿੜਕ ਰਹੇ ਰਿਸ਼ਤਿਆਂ ਨੂੰ ਪੇਸ਼ ਕੀਤਾ ਹੈ। ਵੱਡੇ ਪਰਿਵਾਰ ਵਿਚ ਬਜ਼ੁਰਗਾਂ ਨੂੰ ਪੁੱਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਮਿਲਣ ਵਾਲੇ ਸੁੱਖ ਦੀ ਧਾਰਨਾ ਨੂੰ ਗਲਤ ਸਿਧ ਕਰਦੀ, ਇਹ ਕਹਾਣੀ ਬਾਬੇ ਬਾਰੂ ਦੇ ਵਾਰੀ-ਵਾਰੀ ਪੁੱਤਰਾਂ ਦੇ ਘਰ ਮਜਬੂਰਨ ਰਹਿਣ ਬਾਰੇ ਹੈ ਕਿ ਕਿਸ ਤਰ੍ਹਾਂ ਉਸ ਨੇ ਆਪਣੇ ਪੰਜਾਂ ਪੁੱਤਰਾਂ ਦੇ ਘਰਾਂ ਵਿਚ ਸਾਲ ਦੇ ਤਿੰਨ-ਤਿੰਨ ਮਹੀਨੇ ਬੇਮਨ ਨਾਲ ਮੁਥਾਜ ਹੋ ਕੇ ਰਹਿੰਦਾ ਹੈ, ਜੇ ਉਸ ਨਾਲ ਕੋਈ ਚੰਗਾ ਵਤੀਰਾ ਵੀ ਕਰ ਰਿਹਾ ਹੈ ਤਾਂ ਉਹ ਲਾਲਚ ਜਾਂ ਡਰ ਵਸ ਹੈ। ਦੂਜੇ ਪਾਸੇ ਲੇਖਿਕਾ ਨੇ ਬਾਬੇ ਬਾਰੂ ਦੇ ਵੱਡੇ ਪਰਿਵਾਰ ਦੇ ਮੁਕਾਬਲੇ ਉਸ ਦੇ ਛੋਟੇ ਭਰਾ ਦੇ ਇਕ ਪੁੱਤਰ ਵਾਲੇ ਛੋਟੇ ਪਰਿਵਾਰ ਦਾ ਸੁਖਾਵਾਂ ਚਿੱਤਰ ਪੇਸ਼ ਕਰਕੇ ਇਨ੍ਹਾਂ ਡਿੱਗ ਰਹੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਸੰਤੁਲਨ ਬਣਾਉਣ ਦੀ ਵੀ ਕੋਸ਼ਿਸ਼ ਕੀਤੀ ਹੈ।

ਦਸਵੀਂ ਜਮਾਤ ਦੀ ਪੁਸਤਕ ਵਿਚ ਦਰਸ਼ਨ ਸਿੰਘ ਆਸ਼ਟ ਦੀ ਲਿਖੀ 'ਮੈਂ ਕਿਸੇ ਤੋਂ ਘੱਟ ਨਹੀਂ' ਕਹਾਣੀ ਇੱਕ ਸਕੂਲ ਪੜ੍ਹਨ ਵਾਲੀ ਹੋਣਹਾਰ ਬੱਚੀ ਰਜਨੀ ਦੇ ਅਪਾਹਜ ਹੋਣ ਦੇ ਬਾਵਜੂਦ ਪੜ੍ਹਾਈ ਅਤੇ ਖੇਡਾਂ ਪ੍ਰਤੀ ਜਜ਼ਬੇ ਨੂੰ ਰੂਪਮਾਨ ਕਰਦੀ ਹੈ। ਵਿਪਰੀਤ ਸਥਿਤੀਆਂ ਵਿੱਚ ਵੀ ਉਸ ਦਾ ਸਕੂਲ ਵਿਚ ਹਾਜ਼ਰ ਹੋਣ ਦਾ ਜਜ਼ਬਾ ਵਿਦਿਆਰਥੀਆਂ ਲਈ ਇਕ ਪ੍ਰੇਰਨਾ ਬਣ ਕੇ ਸਾਮ੍ਹਣੇ ਆਉਂਦਾ ਹੈ। ਇਸ ਤੋਂ ਇਲਾਵਾ ਬਿਪਤਾ ਦੇ ਵੇਲੇ ਸ਼ਾਂਤ ਮਨ ਨਾਲ ਅਤੇ ਦਲੇਰੀ ਨਾਲ ਇਸ ਅਪਾਹਜ ਪਾਤਰ ਰਾਹੀਂ ਸਥਿਤੀ ਨੂੰ ਸੰਭਾਲਣਾ, ਜਿੱਥੇ ਲੇਖਕ ਦਾ ਪ੍ਰੇਰਨਾ ਸਰੋਤ ਹਿਤ ਸੰਦੇਸ਼ ਹੈ, ਉੱਥੇ ਸੱਪ ਨੂੰ ਕੋਈ ਨੁਕਸਾਨ ਨਾ ਪਹੁੰਚਾ ਕੇ ਚਿੜੀਆਘਰ ਨੂੰ ਸੌਂਪ ਦੇਣਾ ਮਨੁੱਖ ਦੇ ਜੀਵ-ਜੰਤੂਆਂ ਪ੍ਰਤੀ ਜਾਗਰੂਕਤਾ ਵੱਲ ਵੀ ਮਾਨਵੀ ਦ੍ਰਿਸ਼ਟੀਕੋਣ ਨਾਲ ਪ੍ਰੇਰਿਤ ਸੰਦੇਸ਼ ਹੈ।

ਬਲਵਿੰਦਰ ਸਿੰਘ ਸੋਢੀ ਦੀ ਕਹਾਣੀ 'ਈਅਰ ਫੋਨ' ਅਜੋਕੇ ਮੋਬਾਇਲ ਫੋਨਾਂ ਦੇ ਵਧ ਰਹੇ ਇਸਤੇਮਾਲ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਹੋਣ ਸੰਬੰਧੀ ਸੰਦੇਸ਼ ਦਿੰਦੀ ਹੈ। ਅਜੋਕੀ ਨੌਜੁਆਨ ਪੀੜ੍ਹੀ ਨੂੰ ਲੇਖਕ ਨੇ ਮੀਨਾਕਸ਼ੀ ਅਤੇ ਉਸ ਦੀ ਈਅਰ ਫੋਨ ਦੀ ਆਦਤ ਰਾਹੀਂ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੋ ਆਪਣੇ ਵੱਡਿਆਂ ਦੀਆਂ ਹਿਦਾਇਤਾਂ ਨੂੰ ਆਨੇ-ਬਹਾਨੇ ਮੰਨਣ ਤੋਂ ਇਨਕਾਰੀ ਹੈ ਅਤੇ ਇਸ ਨਜ਼ਰਅੰਦਾਜ਼ੀ ਦੇ ਸਿੱਟੇ ਵਜੋਂ ਮੀਨਾਕਸ਼ੀ ਪਾਤਰ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ, ਜਦੋਂ ਉਸ ਦੀ ਲਤ ਈਅਰ ਫੋਨ ਲਗਾਏ ਹੋਣ ਕਾਰਨ ਟਰੈਫਿਕ ਨੂੰ ਅਣਗੌਲਿਆਂ ਕਰ ਦਿੰਦੀ ਹੈ। ਅਸਲ ਵਿਚ ਲੇਖਕ ਨੇ ਅਜੋਕੀਆਂ ਕਾਢਾਂ ਦੇ ਹੱਦੋਂ ਵਧ ਇਸਤੇ ਮਾਲ ਕਾਰਨ ਨੌਜੁਆਨ ਪੀੜ੍ਹੀ ਉਤੇ ਹੋ ਰਹੇ ਬੁਰੇ ਪ੍ਰਭਾਵਾਂ ਨੂੰ ਆਪਣੀ ਕਹਾਣੀ ਰਾਹੀਂ ਪਾਠਕ ਵਿਦਿਆਰਥੀਆਂ ਤੱਕ ਇਕ ਸੰਦੇਸ਼ ਰੂਪ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ।

ਤੀਸਰੀ ਕਹਾਣੀ 'ਦੁਸ਼ਮਣੀ' ਵਿੱਚ ਬਲਵਿੰਦਰ ਬਰਾੜ ਨੇ ਮਹਾਂਨਗਰਾਂ ਦੇ ਜੀਵਨ ਦਾ ਚਿੱਤਰ ਪੇਸ਼ ਕਰਦੇ ਹੋਏ, ਕਹਾਣੀ ਦੇ ਦੋ ਪ੍ਰਮੁੱਖ ਪਾਤਰਾਂ ਵੰਦਨਾ ਅਤੇ ਅਰਚਨਾ ਰਾਹੀਂ ਫੁੱਲਾਂ ਬੂਟਿਆਂ ਪ੍ਰਤੀ ਪਿਆਰ ਨੂੰ ਬੜੇ ਹੀ ਸਹਿਜੇ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿੱਥੇ ਲੇਖਕ ਨੇ ਮਹਾਂਨਗਰਾਂ ਵਿੱਚ ਜਗ੍ਹਾ ਦੀ ਥੁੜ੍ਹ ਹੋਣ ਕਾਰਨ ਆਪਣੇ ਸ਼ੌਂਕ ਪੂਰੇ ਕਰਨ ਦੇ ਤਰੀਕੇ ਇਜ਼ਾਦ ਕਰਨ ਦਾ ਜਿਕਰ ਕੀਤਾ ਹੈ, ਉੱਥੇ ਵਾਤਾਵਰਨ ਪ੍ਰੇਮੀਆਂ

ਅਤੇ ਹਰਿਆਵਲ ਦੀ ਸੂਹਜ ਰੱਖਣ ਵਾਲੇ ਲੋਕਾਂ ਦੇ ਮਨਾਂ ਦੇ ਸੁਹਣੇ ਵਿਚਾਰਾਂ ਨੂੰ ਪੇਸ਼ ਕਰਕੇ ਇਕ ਸੰਦੇਸ਼ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ।

## ਇਕਾਂਗੀ ਅਧਿਐਨ ਅਤੇ ਅਧਿਆਪਨ

**ਪਿਛੋਕੜ :** ਪੰਜਾਬੀ ਇਕਾਂਗੀ ਦਾ ਇਤਿਹਾਸ 1912-13 ਤੋਂ ਹੋਇਆ ਮੰਨਿਆ ਜਾਂਦਾ ਹੈ। ਪ੍ਰੋ. ਆਈ. ਸੀ. ਨੰਦਾ, ਜਿਨ੍ਹਾਂ ਨੂੰ ਪੰਜਾਬੀ ਰੰਗਮੰਚ ਦਾ ਜਨਮ ਦਾਤਾ ਵੀ ਕਿਹਾ ਜਾਂਦਾ ਹੈ, ਉਨ੍ਹਾਂ ਨੇ ਦੁਲਹਨ, ਬੇਬੇ ਰਾਮ ਭਜਨੀ, ਇਕ ਡੂਮਣੇ ਜਿੰਨੇ ਝਲਕਾਰੇ ਆਦਿ ਪ੍ਰਮੁੱਖ ਇਕਾਂਗੀ ਰਚ ਕੇ ਉਨ੍ਹਾਂ ਦਾ ਮੰਚਨ ਬਾਖੂਬੀ ਕੀਤਾ। ਉਹ ਇਕ ਸੁਧਾਰਵਾਦੀ ਇਕਾਂਗੀਕਾਰ ਸਨ, ਜਿਨ੍ਹਾਂ ਦੇ ਇਕਾਂਗੀ 'ਚ ਵਿਸ਼ਾ ਵਸਤੂ ਆਲੇ-ਦੁਆਲੇ ਦੇ ਜੀਵਨ ਵਿੱਚੋਂ ਹੀ ਹੁੰਦਾ ਸੀ।

**ਅਧਿਆਪਨ :** ਇਕਾਂਗੀ, ਸਾਹਿਤ ਦੀ ਇਕ ਐਸੀ ਵਿਧਾ ਹੈ, ਜਿਸ ਨੂੰ ਪੜ੍ਹਨ ਦੇ ਨਾਲ-ਨਾਲ ਮੰਚਨ ਦੀ ਵੀ ਲੋੜ ਹੈ। ਅਧਿਆਪਕ ਨੂੰ, ਜਮਾਤ ਵਿੱਚ 'ਇਕਾਂਗੀ' ਸ਼ਬਦ ਦੇ ਅਰਥ ਪਹਿਲਾਂ ਹੀ ਸਪਸ਼ਟ ਕਰ ਦੇਣੇ ਚਾਹੀਦੇ ਹਨ। ਜਮਾਤ ਵਿਚੋਂ ਵਿਦਿਆਰਥੀਆਂ ਨੂੰ ਇਕਾਂਗੀ ਦੇ ਪਾਤਰ ਸਿਰਜ ਕੇ ਇਕ ਜਮਾਤ ਦੀ ਪੱਧਰ ਦਾ ਮੰਚਨ ਪੇਸ਼ ਕਰਕੇ ਇਕਾਂਗੀ ਪ੍ਰਤੀ ਰੁਚੀ ਪੈਦਾ ਕੀਤੀ ਜਾ ਸਕਦੀ ਹੈ। ਇਕਾਂਗੀ ਦਾ ਸੰਦੇਸ਼ ਹਮੇਸ਼ਾ ਪ੍ਰੇਰਨਾਦਾਇਕ ਹੁੰਦਾ ਹੈ। ਇਹ ਉਦੇਸ਼ ਅਧਿਆਪਕ ਨੂੰ ਸਪਸ਼ਟ ਕਰਨ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ।

ਨੌਵੀਂ ਜਮਾਤ ਦਾ ਇਕਾਂਗੀ 'ਕਿਰਤ ਦਾ ਸਤਿਕਾਰ' ਕਿਰਤ ਕਰਨ ਵਾਲੇ ਮੁੰਡੇ ਦੀ ਮਿਹਨਤ ਬਾਰੇ ਹੈ। ਜੋ ਬੂਟ ਪਾਲਸ਼ ਕਰਕੇ ਆਪਣੀ ਪੜ੍ਹਾਈ ਦਾ ਖਰਚਾ ਕਢਦਾ ਹੈ। ਦੂਜੇ ਪਾਸੇ ਸੇਠ ਨੂੰ, ਸਮਾਜ ਦੇ ਦੂਜੇ ਪੱਖ ਦੇ ਰੂਪ ਵਿਚ ਸਿਰਜਿਆ ਹੈ, ਜੋ ਸਭ ਕੁਝ ਹੋਣ ਦੇ ਬਾਵਜੂਦ ਕੰਜੂਸ ਬਿਰਤੀ ਵਾਲਾ ਹੈ। ਸੇਠ ਦੇ ਇਸ ਸੁਭਾਅ ਨੂੰ ਉਭਾਰਨ ਲਈ ਲੇਖਕ ਨੇ ਕੇਸਰ ਨਾਂ ਦੇ ਪਾਤਰ ਦੀ ਸਿਰਜਨਾ ਕੀਤੀ ਹੈ, ਜਿਸ ਦੇ ਵਿਅੰਗਮਈ ਵਾਰਤਾਲਾਪ ਨਾਲ ਸੇਠ ਦੇ ਸੁਭਾਅ ਦੀ ਕੰਜੂਸ ਬਿਰਤੀ ਸਾਹਮਣੇ ਆਉਂਦੀ ਹੈ ਸੇਠ ਦਾ ਮੁੰਡੇ ਦੀ ਮਿਹਨਤ ਦਾ ਵਾਜਬ ਮੁੱਲ ਨਾ ਮੋੜਨਾ, ਰੱਜੇ-ਪੁੱਜੇ ਸਮਾਜ ਦਾ ਗਰੀਬ ਨੂੰ ਦਬਾਉਣ ਦਾ ਚਿੱਤਰ ਪੇਸ਼ ਕਰਦਾ ਹੈ। ਇਸਤਰੀ ਪਾਤਰ ਦਾ ਵਾਰਤਲਾਪ ਮੁੰਡੇ ਦੀ ਬੇਚਾਰਗੀ ਪ੍ਰਤੀ ਅਤੇ ਉਸ ਦੀ ਮਿਹਨਤ ਨੂੰ ਕੋਮਲ ਅੱਖਰਾਂ ਨਾਲ ਬਿਆਨ ਕਰਦਾ ਹੈ। ਅਖੀਰ ਵਿਚ ਇਸਤਰੀ ਦੇ ਮੁੰਡੇ ਦੇ ਮਾਸਟਰ ਨੂੰ 'ਧਿਆਨ ਰੱਖਣਾ' ਅਤੇ 'ਹੋਣਹਾਰ ਮੁੰਡਾ' ਕਿਹਾ ਜਾਣਾ, ਸਮਾਜ ਦੇ ਇੱਕ ਵਰਗ ਦੀ ਐਸੇ ਮਜਬੂਰ ਲੋਕਾਂ ਅਤੇ ਗਰੀਬ ਲੋਕਾਂ ਵਲ ਫਿਕਰਮੰਦੀ ਦਰਸਾਉਂਦਾ ਹੈ। ਕੁਲ ਮਿਲਾ ਕੇ 'ਕਿਰਤ ਦਾ ਸਤਿਕਾਰ' ਇਕਾਂਗੀ ਆਪਣੇ ਵਿਸ਼ੇ ਨੂੰ ਰੂਪਮਾਨ ਕਰਨ ਵਿਚ ਪੂਰੀ ਤਰ੍ਹਾਂ ਸਫਲ ਹੋਇਆ ਹੈ।

ਦਸਵੀਂ ਜਮਾਤ ਵਿਚ ਪ੍ਰੋ. ਆਈ.ਸੀ. ਨੰਦਾ ਰਚਿਤ ਇਕਾਂਗੀ 'ਬੇਬੇ ਰਾਮ ਭਜਨੀ' ਸਮਾਜ ਵਿਚ ਫੈਲੇ ਵਹਿਮ-ਭਰਮ ਅਤੇ ਸਮਾਜਕ ਬੁਰਾਈਆਂ ਉਪਰ ਵਿਅੰਗਮਈ ਢੰਗ ਨਾਲ ਕੀਤੀ ਪੇਸ਼ਕਾਰੀ ਹੈ। ਇਕ ਧਾਰਮਿਕ ਵਿਚਾਰਾਂ ਵਾਲੀ ਔਰਤ ਕਿਸ ਤਰ੍ਹਾਂ ਆਪਣੇ ਪਤੀ ਦੇ ਜੂਏ ਦੀਆਂ ਆਦਤਾਂ ਕਾਰਨ ਆਪਣੀ ਘਰੇਲੂ ਜ਼ਿੰਦਗੀ ਤੋਂ ਉਪਰਾਮ ਹੈ ਤੇ ਇਸ ਸਥਿਤੀ ਤੋਂ ਤੰਗ ਆ ਕੇ ਉਹ ਸਭ ਕੁਝ ਤਿਆਗ ਕੇ ਤੀਰਥਾਂ ਨੂੰ ਜਾਣ ਬਾਰੇ ਸੋਚਦੀ ਹੈ। ਲੇਖਕ ਨੇ ਗੁਆਂਢਣ ਪਾਤਰ ਰਾਹੀਂ ਰਾਮ ਭਜਨੀ ਦੀ ਡਾਵਾਂਡੋਲ ਸਥਿਤੀ ਨੂੰ ਮੁੜ ਉਸ ਦੇ ਫੈਸਲੇ ਨੂੰ ਪਕੇਰਾ ਕਰਨ ਲਈ ਵਰਤਿਆ ਹੈ। ਜਿੱਥੇ ਪ੍ਰੋ. ਨੰਦਾ ਨੇ ਇਸ ਇਕਾਂਗੀ ਵਿਚ ਸਮਾਜਕ ਬੁਰਾਈਆਂ ਸ਼ਰਾਬ ਅਤੇ ਜੂਏ ਤੋਂ ਉਪਜੀਆਂ ਸਥਿਤੀਆਂ ਤੋਂ ਵਰਜਣ ਦਾ ਸੰਦੇਸ਼ ਦਿਤਾ ਹੈ, ਉੱਥੇ ਪਾਂਧੇ ਦੇ ਧਾਰਮਿਕ ਬਿਰਤੀ ਦੇ ਪਾਤਰ ਨੂੰ ਸਿਰਜ ਕੇ ਧਾਰਮਿਕ ਪਖੰਡਾਂ ਅਤੇ ਵਹਿਮਾਂ-ਭਰਮਾਂ ਪ੍ਰਤੀ ਸਮਾਜ ਨੂੰ ਚੇਤੰਨ ਕਰਨ ਦਾ ਵੀ ਸੰਦੇਸ਼ ਵੀ ਦਿਤਾ ਹੈ।

# ਕਵਿਤਾ ਅਧਿਆਪਨ

ਸਾਥੀਓ ! ਸੈਕੰਡਰੀ ਪੱਧਰ ’ਤੇ ਕਵਿਤਾ ਅਧਿਆਪਨ ਵੇਲੇ ਪਹਿਲਾਂ ਤਾਂ ਸਾਨੂੰ ਕਵਿਤਾ ਤੇ ਵਾਰਤਕ ਵਿਚਲੇ ਅੰਤਰ ਨੂੰ ਆਪਣੇ ਵਿਦਿਆਰਥੀਆਂ ਨੂੰ ਸਮਝਾਉਣਾ ਜ਼ਰੂਰੀ ਹੈ। ਕਵਿਤਾ ਅਤੇ ਵਾਰਤਕ ਸਾਹਿਤ ਦੇ ਦੋ ਵੱਖੋ-ਵੱਖਰੇ ਰੂਪ ਹਨ ਜੋ ਨਾ ਕੇਵਲ ਰੂਪ ਕਰਕੇ ਇੱਕ ਦੂਸਰੇ ਤੋਂ ਭਿੰਨ ਹਨ ਸਗੋਂ ਆਪਣੇ ਵਿਸ਼ੇ, ਖੇਤਰ, ਪ੍ਰਭਾਵ, ਉਦੇਸ਼, ਸਾਹਿਤਕ ਲੋੜਾਂ ਅਤੇ ਕਲਾ ਪੱਖ ਤੋਂ ਵੀ ਬਿਲਕੁਲ ਵੱਖਰੇ ਹਨ। ਕਵਿਤਾ ਦਾ ਸੰਬੰਧ ਵਧੇਰੇ ਕਰਕੇ ਮਨੁੱਖੀ ਹਿਰਦੇ ਦੇ ਮਨੋਵੇਗਾਂ, ਭਾਵਾਂ ਤੇ ਉਦਗਾਰਾਂ ਨਾਲ ਹੈ ਪਰੰਤੂ ਵਾਰਤਕ ਨਿਰੋਲ ਬੁੱਧੀ ਦੀ ਉਪਜ ਹੈ। ਕਵਿਤਾ ਦੀ ਪ੍ਰਕਿਰਤੀ ਵਾਰਤਕ ਨਾਲੋਂ ਵਧੇਰੇ ਭਾਵੁਕ, ਵਧੇਰੇ ਤੀਬਰ ਤੇ ਡੂੰਘੀ ਹੈ। ਵਾਰਤਕ ਦੀਆਂ ਲੋੜਾਂ ਹੋਰ ਹਨ ਅਤੇ ਕਵਿਤਾ ਦੀਆਂ ਹੋਰ। ਕਵਿਤਾ ਲਲਿਤ (ਕਲਾਤਮਕ) ਸਾਹਿਤ ਹੈ ਤੇ ਵਾਰਤਕ ਗਿਆਨ ਸਾਹਿਤ। ਕਵਿਤਾ ਨੂੰ ਵਾਰਤਕ ਵਾਂਗ ਪੜ੍ਹਾ ਦੇਣਾ, ਕਵਿਤਾ ਦੀ ਆਤਮਾ ਨੂੰ ਮਾਰਨਾ ਹੈ, ਕਵੀ ਦੇ ਸੂਖਮ ਭਾਵਾਂ ਦਾ ਸਾਹ ਘੁੱਟਣਾ ਹੈ।

ਕਵਿਤਾ ਅਧਿਆਪਨ ਤਾਂ ਅਜਿਹਾ ਹੋਣਾ ਚਾਹੀਦਾ ਹੈ ਕਿ ਅਧਿਆਪਕ ਆਪ ਵੀ ਕਵਿਤਾ ਪੜ੍ਹ ਕੇ ਆਨੰਦ ਲਏ ਅਤੇ ਵਿਦਿਆਰਥੀਆਂ ਅੰਦਰ ਵੀ ਕਵਿਤਾ ਪ੍ਰਤੀ ਪਿਆਰ ਪੈਦਾ ਕਰ ਸਕੇ। ਪਹਿਲਾਂ ਕਵੀ ਦੇ ਭਾਵਾਂ ਦਾ ਆਪ ਥਹੁ ਪਾਉਣਾ ਹੈ, ਫਿਰ ਉਨ੍ਹਾਂ ਭਾਵਾਂ ਨੂੰ ਪੂਰੀ ਸਫਲਤਾ ਨਾਲ ਬੱਚਿਆਂ ਤੱਕ ਪਹੁੰਚਾਉਣਾ ਹੀ ਕਵਿਤਾ ਅਧਿਆਪਨ ਹੈ।

ਛੇਵੀਂ ਜਮਾਤ ਤੋਂ ਸੈਕੰਡਰੀ ਜਮਾਤ ਤੱਕ ਕਵਿਤਾ ਦੀ ਪੜ੍ਹਾਈ ਦੇ ਉਦੇਸ਼-

* ਕਵਿਤਾ ਨੂੰ ਲੈਅ ਨਾਲ ਪੜ੍ਹਨ ਦੀ ਜਾਚ ਸਿਖਾਉਣਾ।
* ਗੀਤਾਂ ਨੂੰ ਸਫ਼ਲਤਾ ਨਾਲ ਸਮੂਹਿਕ ਰੂਪ ਵਿੱਚ ਗਾਉਣਾ।
* ਕਵਿਤਾ ਪੜ੍ਹ ਕੇ ਖੁਸ਼ੀ ਤੇ ਅਨੰਦ ਪ੍ਰਾਪਤ ਕਰਨਾ।
* ਠੀਕ ਢੰਗ ਨਾਲ ਕਵਿਤਾ ਪਾਠ ਦੀ ਜਾਚ ਸਿਖਾਉਣਾ।
* ਕਵਿਤਾ ਪਾਠ ਦੇ ਨਾਲ-ਨਾਲ ਸਰਲ ਕਵਿਤਾਵਾਂ ਦੇ ਭਾਵ ਨੂੰ ਸਮਝਣ ਯੋਗ ਬਣਾਉਣਾ।
* ਰੌਚਕ ਕਵਿਤਾਵਾਂ ਨੂੰ ਜ਼ਬਾਨੀ ਯਾਦ ਕਰਨਾ।
* ਬੱਚਿਆਂ ਦੀ ਕਲਪਨਾ ਸ਼ਕਤੀ ਨੂੰ ਪ੍ਰਚੰਡ ਕਰਨਾ।
* ਕਵਿਤਾ ਦੇ ਸੰਦੇਸ਼ ਨੂੰ ਪੜ੍ਹਨਾ, ਸਮਝਣਾ ਅਤੇ ਮਾਣਨਾ।
* ਵਿਦਿਆਰਥੀਆਂ ਅੰਦਰ ਸੁਹਜ-ਸੁਆਦ ਪੈਦਾ ਕਰਨਾ।
* ਬੱਚਿਆਂ ਅੰਦਰ ਰਚਨਾਤਮਕ ਰੁਚੀਆਂ ਦਾ ਪ੍ਰਵੇਸ਼ ਕਰਾਉਣਾ ਅਤੇ ਉਨ੍ਹਾਂ ਨੂੰ ਕਵਿਤਾ ਲਿਖਣ ਦਾ ਉਤਸ਼ਾਹ ਦੇਣਾ।
* ਵਿਦਿਆਰਥੀਆਂ ਅੰਦਰ ਕਾਵਿਕ-ਸੂਝ ਤੇ ਕਾਵਿਕ ਭਾਵਨਾ ਦਾ ਵਿਕਾਸ ਕਰਨਾ।

* ਕਵਿਤਾ ਵਿੱਚ ਅੰਕਤ ਕਵੀ ਦੇ ਭਾਵਾਂ ਨੂੰ ਆਪਣੇ ਸ਼ਬਦਾਂ ਰਾਹੀਂ ਪ੍ਰਗਟਾ ਸਕਣ ਦੀ ਯੋਗਤਾ ਪੈਦਾ ਕਰਨਾ।

ਵਿਦਿਆਰਥੀਆਂ ਨੂੰ ਕਵਿਤਾ ਦੇ ਅਸਲ ਨਿਸ਼ਾਨੇ ਭਾਵ ਕਾਵਿਕਤਾ ਅਤੇ ਭਾਵ-ਅਰਥ ਤੱਕ ਪਹੁੰਚਾਉਣ ਲਈ ਤਰਤੀਬਵਾਰ ਅਤੇ ਪ੍ਰਭਾਵਸ਼ਾਲੀ ਯੋਜਨਾ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਕਵਿਤਾ ਪੜ੍ਹਨ ਅਤੇ ਪੜ੍ਹਾਉਣ ਦਾ ਅਸਲੀ ਉਦੇਸ਼ ਪੂਰਾ ਕੀਤਾ ਜਾ ਸਕੇ।

ਪ੍ਰਭਾਵਸ਼ਾਲੀ ਕਵਿਤਾ ਪਾਠ ਕਵਿਤਾ ਅਧਿਆਪਨ ਦੀ ਪਹਿਲੀ ਸ਼ਰਤ ਹੈ। ਜੇ ਅਧਿਆਪਕ ਕਵਿਤਾ ਨੂੰ ਲੈਅ ਨਾਲ ਪੜ੍ਹ ਕੇ ਸੁਣਾਏ ਤਾਂ ਕਵਿਤਾ ਅਤੇ ਵਾਰਤਕ ਦਾ ਅੰਤਰ ਆਪੇ ਹੀ ਸਪਸ਼ਟ ਹੋ ਜਾਵੇਗਾ। ਇਸ ਨਾਲ ਵਿਦਿਆਰਥੀ ਵੀ ਕਵਿਤਾ ਪਾਠ ਕਰਨ ਵਿੱਚ ਰੁਚੀ ਲੈਣਗੇ।

ਕਵਿਤਾ ਪਾਠ ਕਰਦੇ ਸਮੇਂ ਭਾਸ਼ਾ-ਉਚਾਰਨ ’ਤੇ ਖਾਸ ਧਿਆਨ ਦਿੱਤਾ ਜਾਵੇ। ਭਾਸ਼ਾ ਦਾ ਸ਼ੁੱਧ ਉਚਾਰਨ ਅਤੇ ਸਹੀ ਤੁੱਕਬੰਦੀ ਵਿਦਿਆਰਥੀ ਦੀ ਕਲਪਨਾ ਸ਼ਕਤੀ ਨੂੰ ਤੀਖਣ ਕਰੇਗੀ। ਇਸ ਨਾਲ ਕਾਵਿਕ-ਸੂਝ ਦਾ ਵਿਕਾਸ ਹੁੰਦਾ ਹੈ। ਕਵਿਤਾ ਇੱਕ ਵਿਸ਼ੇਸ਼ ਪ੍ਰਕਾਰ ਦੀ ਸਿਰਜਣਾ ਹੁੰਦੀ ਹੈ, ਜਿਸ ਵਿੱਚ ਕਵੀ ਦਾ ਅਨੁਭਵ ਅਤੇ ਕਾਵਿਕ ਸੰਵੇਦਨਾ ਵਿਦਮਾਨ ਹੁੰਦੀ ਹੈ। ਕਵਿਤਾ ਪਾਠ ਵੇਲੇ ਅਵਾਜ਼ ਦਾ ਉਤਾਰ-ਚੜ੍ਹਾਅ, ਕਵਿਤਾ ਬਿਆਨ ਕਰਨ ਦਾ ਅੰਦਾਜ਼ ਬਹੁਤ ਮਾਅਨੇ ਰੱਖਦਾ ਹੈ। ਅਸੀਂ ਕਵੀ ਦਰਬਾਰਾਂ ਜਾਂ ਕਵਿਤਾ-ਪਾਠ ਮੁਕਾਬਲਿਆਂ ਵਿੱਚ ਕਵਿਤਾ ਸੁਣਦੇ ਹੋਏ ਸਭ ਤੋਂ ਵਧੇਰੇ ਉਸ ਕਵੀ ਦੀ ਕਵਿਤਾ ਨੂੰ ਹੀ ਵਾਹ-ਵਾਹੀ ਦਿੰਦੇ ਹਾਂ। ਜਿਸਦਾ ਅੰਦਾਜ਼ੇ-ਬਿਆਨ ਪ੍ਰਭਾਵਸ਼ਾਲੀ ਤੇ ਮਕਸਦ ਨੂੰ ਪੂਰਾ ਕਰਨ ਵਾਲਾ ਹੁੰਦਾ ਹੈ।

ਕਵਿਤਾ ਪਾਠ ਪਿੱਛੋਂ ਕਵਿਤਾ ਦੇ ਅਨੁਭਵ ਨੂੰ ਸਮਝਾ ਕੇ ਉਸਦੇ ਕੇਂਦਰੀ ਭਾਵ ਤੱਕ ਪਹੁੰਚਾਉਣਾ ਕਵਿਤਾ ਅਧਿਆਪਨ ਦਾ ਦੂਜਾ ਉਦੇਸ਼ ਹੁੰਦਾ ਹੈ। ਕਵਿਤਾ ਦਾ ਮਿਆਰ ਆਮ ਬੋਲਚਾਲ ਦੀ ਭਾਸ਼ਾ ਤੋਂ ਬਿਲਕੁਲ ਅਲੱਗ ਹੁੰਦਾ ਹੈ ਪਰ ਕਵਿਤਾ ਦਾ ਅਸਲ ਸੁਨੇਹਾ ਅਧਿਆਪਕ ਨੇ ਆਮ ਬੋਲਚਾਲ ਦੀ ਭਾਸ਼ਾ ਵਿੱਚ ਵਿਦਿਆਰਥੀਆਂ ਤੱਕ ਪਹੁੰਚਾਣਾ ਹੈ। ਇਸ ਕਾਰਜ ਦੀ ਸਫਲਤਾ ਲਈ ਸਮਾਜਕ, ਨੈਤਿਕ, ਸੱਭਿਆਚਾਰਕ ਅਤੇ ਸਮਕਾਲੀ ਵਾਤਾਵਰਨ ਦਾ ਸਹਾਰਾ ਲਿਆ ਜਾ ਸਕਦਾ ਹੈ। ਵਿਦਿਆਰਥੀਆਂ ਦੇ ਪੂਰਵ ਗਿਆਨ ਨੂੰ ਨਵੇਂ ਗਿਆਨ ਨਾਲ ਜੋੜਨ ਦੀ ਪ੍ਰਕਿਰਿਆ ਵਿਦਿਆਰਥੀਆਂ ਦੀ ਕਵਿਤਾ ਪ੍ਰਤੀ ਸਮਾਜ ਨੂੰ ਹੋਰ ਵੀ ਪੱਕਾ ਕਰਦੀ ਹੈ। ਉਦਾਹਰਨ ਦੇ ਤੌਰ ਤੇ ਛੇਵੀਂ ਜਮਾਤ ਦੀ ਪਾਠ-ਪੁਸਤਕ ਵਿੱਚ ਦਰਜ ਕਵਿਤਾ ‘ਵੀਰ ਦਾ ਵਿਆਹ’ ਲੈ ਸਕਦੇ ਹਾਂ-

‘ਜੰਞ ਚੜ੍ਹੀ ਮੇਰੇ ਵੀਰੇ ਦੀ,  
ਹੀਰੇ ਵਰਗੇ ਵੀਰੇ ਦੀ।  
ਰੌਣਕ ਸਿਹਰੇ, ਚੀਰੇ ਦੀ,  
ਕੰਙਣ ਅਤੇ ਕਲੀਰੇ ਦੀ.....

ਇਸ ਕਵਿਤਾ ਦਾ ਪੂਰੇ ਲੈਅ-ਬੱਧ ਤਰੀਕੇ ਨਾਲ ਜਮਾਤ ਵਿੱਚ ਸਮੂਹ ਗਾਇਨ ਕੀਤਾ ਜਾ ਸਕਦਾ ਹੈ। ਇਹ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਕਵਿਤਾ ਹੈ। ਭੈਣ ਵੱਲੋਂ ਵੀਰ ਦੇ ਵਿਆਹ ਲਈ ਖੁਸ਼ੀ ਇਸ ਕਵਿਤਾ ਵਿੱਚ ਠਾਠਾਂ ਮਾਰ ਰਹੀ ਹੈ। ਪੂਰਵ ਗਿਆਨ ਨੂੰ ਜਾਂਚਣ ਅਤੇ ਕਵਿਤਾ ਦੀ ਸੂਝ ਵਿਕਸਿਤ ਕਰਨ ਲਈ ਅਧਿਆਪਕ ਹੇਠ ਦਿੱਤੇ ਪ੍ਰਸ਼ਨ ਪੁੱਛ ਸਕਦਾ ਹੈ-

(ੳ) ਕੀ ਤੁਸੀਂ ਆਪਣੇ ਕਿਸੇ ਵੀਰ (ਕਿਸੇ ਰਿਸ਼ਤੇਦਾਰ ਦਾ ਬੇਟਾ ਵੀ ਹੋ ਸਕਦਾ ਹੈ) ਦਾ ਵਿਆਹ ਵੇਖਿਆ ਹੈ?

(ਅ) ਵਿਆਹ ਵਿੱਚ ਤੁਸੀਂ ਕੀ-ਕੀ ਕਰਦੇ ਹੋ?

(ੲ) ਵੀਰ ਦੀ ਬਰਾਤ ਸਮੇਂ ਕੀ-ਕੀ ਸਗਨ ਕੀਤੇ ਜਾਂਦੇ ਹਨ?

ਏਸੇ ਤਰ੍ਹਾਂ ਛੇਵੀਂ ਜਮਾਤ ਦੀ ਪਾਠ-ਪੁਸਤਕ 'ਮਾਣਕ-ਮਾਲਾ-1' ਦੀਆਂ ਹੋਰ ਕਵਿਤਾਵਾਂ ਨੂੰ ਪੜ੍ਹਾਇਆ ਜਾਵੇ, ਜਿਵੇਂ 'ਕੁਦਰਤ ਦੀ ਖੇਡ'। ਇਸ ਕਵਿਤਾ ਨੂੰ ਸਮੂਹਿਕ ਰੂਪ ਵਿੱਚ ਲੈਅ ਨਾਲ ਪੜ੍ਹਨ ਤੋਂ ਬਾਅਦ ਦਿਨ-ਰਾਤ ਦਾ ਬਣਨਾ, ਰੁੱਤਾਂ ਦਾ ਬਦਲਣਾ ਆਦਿ ਵਿਸ਼ਿਆਂ ਬਾਰੇ ਵੀ ਗੱਲ ਹੋ ਸਕਦੀ ਹੈ ਅਤੇ ਨਾਲ ਕੁਦਰਤ ਦਾ ਜੀਵਨ ਵਿੱਚ ਕੀ ਮਹੱਤਵ ਹੈ, ਸਾਨੂੰ ਆਪਣੇ ਵਾਤਾਵਰਨ ਦੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ, ਇਸ ਬਾਰੇ ਵੀ ਜਮਾਤ ਵਿੱਚ ਚਰਚਾ ਕਰਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।

ਸਤਵੀਂ ਜਮਾਤ ਦੀ ਪਾਠ-ਪੁਸਤਕ 'ਮਾਣਕ ਮਾਲਾ-2' ਦੀਆਂ ਕਵਿਤਾਵਾਂ ਵਿੱਚ ਸਭ ਤੋਂ ਪਹਿਲੀ ਕਵਿਤਾ ਅੰਮ੍ਰਿਤਾ ਪ੍ਰੀਤਮ ਰਚਿਤ 'ਮਾਂ ਦਾ ਪਿਆਰ' ਹੈ। ਇਸ ਕਵਿਤਾ ਦਾ ਵੀ ਆਦਰਸ਼ ਪਾਠ ਪੇਸ਼ ਕਰਦੇ ਹੋਏ ਅਧਿਆਪਕਾ ਕਵਿਤਾ ਦੇ ਅਰਥ ਸਮਝਾਏਗੀ। ਔਖੇ ਸ਼ਬਦਾਂ ਦੇ ਅਰਥ ਦੱਸਦੇ ਹੋਏ ਅਧਿਆਪਕ/ਅਧਿਆਪਕਾ ਕਵਿਤਾ ਦਾ ਸੰਦੇਸ਼ ਵਿਦਿਆਰਥੀਆਂ ਤੱਕ ਪਹੁੰਚਾ ਸਕਦੇ ਹਨ। ਵਿਦਿਆਰਥੀਆਂ ਨੂੰ ਆਪਣੀ ਮਾਂ ਬਾਰੇ ਕੁਝ ਸਤਰਾਂ ਜਮਾਤ ਵਿੱਚ ਬੋਲਣ ਜਾਂ ਲਿਖਣ ਲਈ ਕਿਹਾ ਜਾ ਸਕਦਾ ਹੈ। ਅਧਿਆਪਕ ਵੀ ਵਿਦਿਆਰਥੀਆਂ ਨੂੰ 'ਮਾਂ' ਦੀ ਆਪਣੇ ਬੱਚਿਆਂ ਪ੍ਰਤੀ ਨਿਸਵਾਰਥ ਸੇਵਾ ਭਾਵਨਾ ਅਤੇ ਪਿਆਰ ਬਾਰੇ ਦੱਸੇਗਾ ਅਤੇ ਵਿਦਿਆਰਥੀਆਂ ਨੂੰ ਕਿਹਾ ਜਾ ਸਕਦਾ ਹੈ ਕਿ ਉਹ ਅੱਜ ਘਰ ਜਾ ਕੇ ਆਪਣੀ ਮਾਂ ਨੂੰ ਪਾਣੀ ਦਾ ਗਿਲਾਸ ਦਿਓ, ਉਹਨਾਂ ਨੂੰ ਪਿਆਰ ਕਰੋ ਅਤੇ ਧੰਨਵਾਦ ਕਹੋ, ਅਜਿਹਾ ਕਰਨ ਨਾਲ ਵਿਦਿਆਰਥੀਆਂ ਦਾ ਆਪਣੀ ਮਾਂ ਨਾਲ ਰਿਸ਼ਤਾ ਹੋਰ ਡੂੰਘਾ ਹੋਵੇਗਾ।

ਕਵੀ ਜਸਵੰਤ ਸਿੰਘ ਸੇਖਵਾਂ ਦੀ ਕਵਿਤਾ 'ਮਾਂ ਬੋਲੀ ਪੰਜਾਬੀ' ਪੜ੍ਹਾਉਂਦੇ ਹੋਏ ਵੀ ਇਹੀ ਤਰੀਕਾ ਅਪਨਾ ਸਕਦੇ ਹਾਂ। ਕਵਿਤਾ ਨੂੰ ਲੈਅ ਨਾਲ ਜਮਾਤ ਵਿੱਚ ਸਮੂਹਿਕ ਤੌਰ ਤੇ ਗਾਇਆ ਜਾਏ। ਮਾਂ-ਬੋਲੀ ਦਾ ਮਹੱਤਵ ਦੱਸਦੇ ਹੋਏ ਕਵਿਤਾ ਦੇ ਅਰਥ ਦੱਸੇ ਜਾਣ ਅਤੇ ਪੰਜਾਬ ਦੇ ਦਰਿਆਵਾਂ, ਫਸਲਾਂ, ਲੋਕਨਾਚਾਂ, ਕਵੀਆਂ, ਗੁਰੂਆਂ, ਲੋਕ ਗੀਤਾਂ, ਅਣਖੀ ਸੁਭਾਅ ਬਾਰੇ ਦੱਸਦੇ ਹੋਏ ਅਧਿਆਪਕ ਇਸ ਕਵਿਤਾ ਵਿੱਚੋਂ ਪ੍ਰੋਜੈਕਟ ਜਾਂ ਗਤੀਵਿਧੀ ਵੀ ਕਰਾ ਸਕਦਾ ਹੈ।

ਅਠਵੀਂ ਜਮਾਤ ਦੀ ਪਾਠ-ਪੁਸਤਕ 'ਮਾਣਕ-ਮਾਲਾ 3' ਵਿੱਚ ਪੰਜ ਕਵਿਤਾਵਾਂ ਹਨ। ਕਵਿਤਾ 'ਪਾਂਡੀ ਪਾਤਸ਼ਾਹ' ਪੜ੍ਹਾਉਂਦੇ ਹੋਏ ਵਿਦਿਆਰਥੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਬਾਰੇ ਵਿਸਤਾਰ ਨਾਲ ਦੱਸਿਆ ਜਾਵੇ ਕਿ ਉਹਨਾਂ ਦੇ ਰਾਜ ਸਮੇਂ ਕੋਈ ਪੱਖਪਾਤ ਨਹੀਂ ਕੀਤਾ ਜਾਂਦਾ ਸੀ। ਸਭ ਨੂੰ ਇੱਕ ਬਰਾਬਰ ਸਮਝਿਆ ਜਾਂਦਾ ਸੀ। ਕਵਿਤਾ ਦਾ ਆਦਰਸ਼ ਪਾਠ ਪੇਸ਼ ਕਰੋ। ਤੋਤਲੇ ਸ਼ਬਦਾਂ ਨਾਲ ਸਾਂਝ ਪਾਓ। ਵਿਦਿਆਰਥੀਆਂ ਦਾ ਆਪਣੇ ਭੈਣ-ਭਰਾਵਾਂ ਨਾਲ ਪਿਆਰ ਅਤੇ ਅਪਣੱਤ ਵਧੇਗੀ। 'ਇਕ ਪਿਆਲਾ ਪਾਣੀ' ਕਵਿਤਾ ਅਕਬਰ ਅਤੇ ਬੀਰਬਲ ਬਾਰੇ ਹੈ। ਇਸ ਨੂੰ ਪੜ੍ਹਾਉਂਦੇ ਹੋਏ ਭਾਰਤ ਦੇ ਇਤਿਹਾਸ ਬਾਰੇ ਗੱਲ ਕੀਤੀ ਜਾ ਸਕਦੀ ਹੈ। ਅਕਬਰ ਅਤੇ ਬੀਰਬਲ ਦੇ ਕਿੱਸਿਆਂ ਬਾਰੇ ਚਰਚਾ ਹੋ ਸਕਦੀ ਹੈ ਅਤੇ ਸਭ ਤੇ ਮਹਤੱਵਪੂਰਨ ਗੱਲ 'ਪਾਣੀ ਦੇ ਮਹੱਤਵ' ਬਾਰੇ ਵੀ ਖੁੱਲ੍ਹ ਕੇ ਚਰਚਾ ਅਤੇ ਕਈ ਗਤੀਵਿਧੀਆਂ ਹੋ ਸਕਦੀਆਂ ਹਨ। ਵਿਦਿਆਰਥੀਆਂ ਨੂੰ ਦੱਸਿਆ ਜਾ ਸਕਦਾ ਹੈ ਕਿ ਸਮੇਂ ਦੇ ਨਾਲ-ਨਾਲ ਭਾਸ਼ਾ ਅਤੇ ਲਿਪੀ ਵਿੱਚ ਵਿਕਾਸ ਹੁੰਦਾ ਹੈ, ਸ਼ਬਦ-ਜੋੜਾਂ ਦੇ ਨੇਮ ਬਦਲਦੇ ਰਹਿੰਦੇ ਹਨ।

ਸੈਕੰਡਰੀ ਜਮਾਤਾਂ ਵਿੱਚ ਕਵਿਤਾ ਅਧਿਆਪਨ ਕਰਵਾਉਂਦੇ ਸਮੇਂ ਵੱਖਰੀ ਵਿਧੀ ਅਪਨਾਈ ਜਾ ਸਕਦੀ ਹੈ।

ਦਿੱਲੀ ਵਿੱਚ ਮਿਡਲ ਜਮਾਤਾਂ ਵਿੱਚ ਪੰਜਾਬੀ ਭਾਸ਼ਾ ਅਧਿਆਪਨ ਸਿਰਫ਼ ਭਾਸ਼ਾ ਉੱਪਰ ਅਧਾਰਿਤ ਹੈ। ਪਾਠ-ਪੁਸਤਕਾਂ ਭਾਸਾ ਦੇ ਰੂਪ ਵਿੱਚ ਪੰਜਾਬੀ ਨੂੰ ਸਥਾਪਿਤ ਕਰਨ ਦਾ ਜ਼ਰੀਆ ਹਨ। ਕਵਿਤਾਵਾਂ ਦੀ ਪੜ੍ਹਾਈ ਰੌਚਕ ਕਵਿਤਾ-ਪਾਠ ਅਤੇ ਭਾਸ਼ਾ-ਗਿਆਨ ਤੱਕ ਸੀਮਤ ਹੁੰਦੀ ਹੈ। ਸੈਕੰਡਰੀ ਪੱਧਰ 'ਤੇ ਕਵਿਤਾ, ਕਹਾਣੀ, ਵਾਰਤਕ, ਇਕਾਂਗੀ ਆਦਿ ਨੂੰ ਸਾਹਿਤਕ ਵਿਧਾ ਦੇ ਤੌਰ ਤੇ ਸ਼ਾਮਲ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਕਵਿਤਾ ਦੇ ਨਾਲ-ਨਾਲ ਕਵੀ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਜਾਣੀ ਜ਼ਰੂਰੀ ਹੈ। ਵਿਦਿਆਰਥੀਆਂ ਅੰਦਰ ਕਾਵਿਕ ਸੁਹਜ ਪੈਦਾ ਕਰਨਾ, ਲੁਕਵੇਂ ਅਰਥਾਂ ਦੀ ਪਛਾਣ ਕਰਨਾ, ਬੋਲੀ, ਸ਼ੈਲੀ ਆਦਿ ਬਾਰੇ ਜਾਣੂ ਕਰਵਾ ਕੇ ਉਹਨਾਂ ਦੇ ਸਿਰਜਣਾਤਮਕ ਗੁਣਾਂ ਨੂੰ ਪ੍ਰੋਤਸਾਹਿਤ ਕਰਨਾ ਅਤੇ ਕਵਿਤਾ ਦੀ ਸੂਝ ਵਿਕਸਿਤ ਕਰਨਾ ਕਵਿਤਾ ਅਧਿਆਪਨ ਦੇ ਉਦੇਸ਼ ਹਨ।

ਮੱਧਕਾਲੀ ਕਵਿਤਾ ਅਤੇ ਆਧੁਨਿਕ ਕਵਿਤਾ ਦੇ ਪ੍ਰਮੁੱਖ ਕਾਵਿ-ਰੂਪਾਂ ਬਾਰੇ ਜਾਣਕਾਰੀ ਦੇਣਾ ਅਧਿਆਪਕ ਦਾ ਪ੍ਰਮੁੱਖ ਕਾਰਜ ਹੁੰਦਾ ਹੈ। ਕਵਿਤਾ ਭਾਵੇਂ ਮੱਧਕਾਲੀ ਹੋਵੇ ਜਾਂ ਆਧੁਨਿਕ, ਉਸਦਾ ਅਧਿਆਪਨ ਕਾਰਜ ਸਮੇਂ ਅਤੇ ਸਥਾਨ ਦੇ ਨਾਲ-ਨਾਲ ਸਮਾਜਕ, ਸੱਭਿਆਚਾਰਕ, ਰਾਜਨੀਤਕ ਅਤੇ ਨੈਤਿਕ ਮਾਹੌਲ ਨੂੰ ਮੁੱਖ ਰੱਖ ਕੇ ਕੀਤਾ ਜਾਵੇ। ਸੂਫ਼ੀ ਕਾਵਿ, ਗੁਰਮਤਿ ਕਾਵਿ, ਕਿੱਸਾ ਕਾਵਿ, ਵਾਰ ਕਾਵਿ ਅਤੇ ਆਧੁਨਿਕ ਕਾਵਿ ਦੇ ਸੰਕਲਪਾਂ ਨੂੰ ਸਰਲ ਤਰੀਕੇ ਨਾਲ ਵਿਦਿਆਰਥੀਆਂ ਸਾਹਮਣੇ ਲਿਆਉਣਾ ਇੱਕ ਵੱਡੀ ਚੁਨੌਤੀ ਹੈ। ਕਾਲ ਅਨੁਸਾਰ ਕਾਵਿ-ਰੂਪਾਂ ਦਾ ਅੰਤਰ, ਵਿਸ਼ੇ ਅਤੇ ਸ਼ੈਲੀ ਵਿੱਚ ਵਿਭਿੰਨਤਾ ਸੌਖੇ ਸ਼ਬਦਾਂ ਰਾਹੀਂ ਵਿਦਿਆਰਥੀਆਂ ਨੂੰ ਸਮਝਾਈ ਜਾ ਸਕਦੀ ਹੈ।

ਸੂਫ਼ੀ ਮਤ ਇਸਲਾਮੀ ਸੰਤ ਮਤ ਹੈ, ਰਹੱਸਵਾਦੀ ਵਿਚਾਰਧਾਰਾ ਹੈ। ਭਾਰਤੀ ਸੰਤਾਂ ਦੀ ਭਗਤੀ ਲਹਿਰ ਤੇ ਮੁਸਲਮਾਨ ਦਰਵੇਸ਼ ਫ਼ਕੀਰਾਂ ਦੀ ਸੂਫ਼ੀ ਲਹਿਰ ਰਲਦੀ-ਮਿਲਦੀ ਹੈ। ਸੂਫ਼ੀ ਲਹਿਰ ਪ੍ਰੇਮ ਪ੍ਰਧਾਨ ਸੀ ਭਾਵ ਇਸ਼ਕ ਮਜਾਜੀ ਰਾਹੀਂ ਇਸ਼ਕ ਹਕੀਕੀ ਦੀ ਗੱਲ ਕਰਦੇ ਸਨ ਅਤੇ ਭਗਤੀ ਲਹਿਰ ਸ਼ਰਧਾ ਪ੍ਰਧਾਨ ਸੀ। ਦੋਹਾਂ ਦਾ ਨਿਸ਼ਾਨਾ ਰੱਬੀ ਪਿਆਰ ਸੀ। ਗੁਰਮਤਿ ਭਾਵ ਗੁਰੂ ਦੀ ਮਤ ਜਾਂ ਵਿਚਾਰ। ਇਸ ਪ੍ਰਸੰਗ ਵਿੱਚ 'ਗੁਰੂ' ਤੋਂ ਭਾਵ ਗੁਰੂ ਸਾਹਿਬਾਨ ਅਤੇ ਉਹਨਾਂ ਦੁਆਰਾ ਉਚਾਰੀ ਬਾਣੀ, ਉਹਨਾਂ ਦੇ ਵਿਚਾਰ ਹਨ। ਗੁਰਮਤਿ ਕਾਵਿ ਧਾਰਾ ਵਿੱਚ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਹ ਅਧਿਆਤਮਕ ਵਿਚਾਰਧਾਰਾ ਹੈ। ਇਸ ਵਿੱਚ ਦਰਸ਼ਨ ਦੇ ਕੇ ਦੋ ਪ੍ਰਮੁੱਖ ਤੱਤ-ਰਹੱਸਵਾਦ ਅਤੇ ਨੈਤਿਕਤਾ ਹਨ। ਰਹੱਸਵਾਦ ਆਤਮ ਅਤੇ ਅਨਾਤਮ ਦੀ ਅਭੇਦਤਾ ਦਾ ਸੰਕਲਪ ਪੇਸ਼ ਕਰਦਾ ਹੈ।

ਗੁਰਬਾਣੀ ਨੂੰ ਪੜ੍ਹਨ ਦੀ ਜਾਚ ਵੀ ਵਿਦਿਆਰਥੀਆਂ ਨੂੰ ਇਸ ਪੱਧਰ ਤੇ ਸਿਖਾਉਣੀ ਜ਼ਰੂਰੀ ਹੈ। ਗੁਰਬਾਣੀ ਦੇ ਸ਼ੁਧ ਉਚਾਰਨ ਲਈ ਸਿਹਾਰੀ ( ਿ) ਅਤੇ ਔਂਕੜ ( ੁ ) ਦੀ ਮਾਤਰਾ ਜੇ ਸ਼ਬਦ ਦੇ ਵਿਚਕਾਰ ਆਉਂਦੀ ਹੈ ਤਾਂ ਅਵਾਜ਼ ਰਹਿਤ ਹੁੰਦੀ ਹੈ, ਜਿਵੇਂ- ਅਕਲਿ, ਮਹਿ, ਦੂਰਿ, ਮਨਮੁਖਿ, ਸਤਿਗੁਰ ਆਦਿ। ਸਿਹਾਰੀ ( ਿ) ਅਤੇ ਔਂਕੜ ( ੁ ) ਤੋਂ ਸ਼ਬਦ ਸ਼ੁਰੂ ਹੁੰਦਾ ਹੈ ਤਾਂ ਮਾਤਰਾ ਉਚਾਰਨ ਵਿੱਚ ਸ਼ਾਮਲ ਹੁੰਦੀ ਹੈ, ਜਿਵੇਂ-ਬਿਰਹਾ, ਜਿਤੁ, ਸਿੰਮਲ, ਉਪਾਏ, ਤੁਧੁ ਆਦਿ।

ਨੌਵੀਂ ਅਤੇ ਦਸਵੀਂ ਜਮਾਤ ਦੀਆਂ ਪਾਠ-ਪੁਸਤਕਾਂ 'ਸਾਹਿਤਕ-ਕਿਰਨਾਂ-1 ਅਤੇ ਸਾਹਿਤਕ-ਕਿਰਨਾਂ-2' ਦੇ ਕਾਵਿ-ਭਾਗ ਨੂੰ ਪੜ੍ਹਾਉਂਦੇ ਹੋਏ ਉਪਰੋਕਤ ਗੱਲਾਂ ਦਾ ਧਿਆਨ ਰੱਖਿਆ ਜਾਵੇ। ਬਾਬਾ ਫਰੀਦ ਜੀ ਦੇ ਸਲੋਕਾਂ ਦੇ ਅਰਥ ਕਰਾ ਕੇ ਸਲੋਕ ਯਾਦ ਕਰਨ ਨੂੰ ਦਿੱਤੇ ਜਾ ਸਕਦੇ ਹਨ। ਜਮਾਤ ਵਿੱਚ ਗਰੁੱਪ ਬਣਾ ਕੇ ਮੁਕਾਬਲਾ ਕਰਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸ਼ਬਦ 'ਸਿੰਮਲ ਰੁਖ ਸਰਾਇਰਾ...' ਕਰਾਉਂਦੇ

ਸਮੇਂ ਗੁਰਬਾਣੀ ਦੇ ਸ਼ੁੱਧ ਉਚਾਰਨ ਦਾ ਅਭਿਆਸ ਕਰਾਉਣ ਦੇ ਨਾਲ-ਨਾਲ ਉਹਨਾਂ ਦੁਆਰਾ ਦਿੱਤੇ ਸੰਦੇਸ਼-'ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈ ਤੱਤੁ' ਨੂੰ ਵੀ ਵਿਦਿਆਰਥੀਆਂ ਤੱਕ ਪਹੁੰਚਾਉਣਾ (ਤਾਂ ਜੋ ਇਸ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ) ਅਧਿਆਪਕ ਦੀ ਕਵਿਤਾ ਅਧਿਆਪਨ ਵਿਧੀ ਦਾ ਹੀ ਕਾਰਜ ਹੈ। ਭਾਈ ਵੀਰ ਸਿੰਘ ਦੀ ਕਵਿਤਾ 'ਸਮਾਂ' ਪੜ੍ਹਾਉਂਦੇ ਹੋਏ ਵਿਦਿਆਰਥੀਆਂ ਨੂੰ ਸਮੇਂ ਦਾ ਮਹੱਤਵ ਸਮਝਾਇਆ ਜਾਏ। ਬੀਤਿਆ ਸਮਾਂ ਮੁੜ ਹੱਥ ਨਹੀਂ ਆਉਣਾ ਸੋ ਸਮੇਂ ਦਾ ਸਦਉਪਯੋਗ ਕਰਨਾ ਚਾਹੀਦਾ ਹੈ। ਕਵਿਤਾ ਦੀ ਭਾਸ਼ਾ ਬਹੁਤ ਹੀ ਰੋਚਕ ਹੈ।

ਦਸਵੀਂ ਜਮਾਤ ਵਿੱਚ 'ਗਉੜੀ ਬੈਰਾਗਣਿ ਮ.੩' ਗੁਰੂ ਅਮਰਦਾਸ ਜੀ ਦੀ ਰਚਨਾ ਹੈ। ਵਿਦਿਆਰਥੀਆਂ ਨੂੰ ਇਹ ਰਚਨਾ ਪੜ੍ਹਾਉਂਦੇ ਹੋਏ ਉਚਾਰਨ ਸਿਖਾਇਆ ਜਾਏ ਅਤੇ ਆਪਣੇ ਨਾਲ-ਨਾਲ ਪੜ੍ਹਨ ਦਾ ਅਭਿਆਸ ਕਰਾਇਆ ਜਾਏ ਤਾਂ ਜੋ ਉਹ ਸ਼ੁੱਧ ਉਚਾਰਨ ਸਿਖ ਸਕਣ। ਫਿਰ ਰਚਨਾ ਦਾ ਕੇਂਦਰੀ ਭਾਵ ਸਮਝਾਇਆ ਜਾਵੇ ਕਿ ਮਨਮੁਖ ਆਪਣੇ ਹੰਕਾਰ ਕਰਕੇ ਅਗਿਆਨੀ ਹਨ ਅਤੇ ਨਾਲ ਹੀ ਦੱਸਿਆ ਜਾਵੇ ਕਿ 'ਗਉੜੀ ਬੈਰਾਗਣਿ' ਰਾਗ ਦਾ ਨਾਂ ਹੈ, ਜਿਸ ਤੇ ਇਹ ਰਚਨਾ ਅਧਾਰਿਤ ਹੈ। 'ਮਾਣ ਪੰਜਾਬੀ ਦਾ' ਕਵਿਤਾ ਵਿੱਚ ਕਵੀ ਕੁਲਵੰਤ ਸਿੰਘ ਰਫ਼ੀਕ ਅਜੋਕੇ ਸਮੇਂ ਵਿੱਚ ਮਾਂ-ਬੋਲੀ ਪੰਜਾਬੀ ਦੀ ਦਸ਼ਾ ਤੇ ਦਿਸ਼ਾ ਬਾਰੇ ਗੱਲ ਕਰਦਾ ਹੈ। ਅੱਜ ਦਾ ਪੰਜਾਬੀ ਕਿਸ ਦਿਸ਼ਾ ਵੱਲ ਤੁਰ ਪਿਆ ਹੈ ਕਿ ਆਪਣੀ ਮਾਂ-ਬੋਲੀ ਨੂੰ ਵਿਸਾਰਦਾ ਜਾ ਰਿਹਾ ਹੈ, ਬਾਕੀ ਕਸਰ ਸਾਡੀ ਸਮੇਂ ਦੀ ਸਰਕਾਰ ਪੂਰੀ ਕਰ ਦਿੰਦੀ ਹੈ, ਸਰਕਾਰੀ ਤੌਰ 'ਤੇ ਵੀ ਇਸ ਨੂੰ ਮਾਣ ਨਹੀਂ ਮਿਲ ਰਿਹਾ ਪਰ ਕਵੀ ਆਪਣੀ ਹੋਂਦ ਲਈ ਮਾਂ-ਬੋਲੀ ਪੰਜਾਬੀ ਨੂੰ ਹੀ ਮਾਣ-ਸਤਿਕਾਰ ਦਿੰਦਾ ਹੈ।

ਸੋ ਅੱਜ ਅਸੀਂ ਕਵਿਤਾ ਅਧਿਆਪਨ ਨੂੰ ਵਿਦਿਆਰਥੀਆਂ ਲਈ ਸੁਖਾਵਾਂ ਬਣਾਉਣ ਲਈ ਕਈ ਗੱਲਾਂ ਸਾਂਝੀਆਂ ਕੀਤੀਆਂ। ਉਮੀਦ ਹੈ ਇਹ ਸਾਡੀ ਸਭ ਦੀਆਂ ਜਮਾਤਾਂ ਲਈ ਲਾਹੇਵੰਦ ਹੋਵੇਗਾ। ਕਵਿਤਾ ਪ੍ਰਤੀ ਰੁਝਾਨ ਵਿੱਚ ਵਾਧਾ ਕਰਨ ਦਾ ਇੱਕ ਹੋਰ ਤਰੀਕਾ ਵਿਦਿਆਰਥੀਆਂ ਵਿੱਚ ਕਾਵਿ-ਬੰਦਾਂ ਨੂੰ ਮੌਲਿਕ ਤੌਰ ਤੇ ਲਿਖਣ ਦਾ ਮੁਕਾਬਲਾ ਕਰਵਾ ਕੇ ਕੀਤਾ ਜਾ ਸਕਦਾ ਹੈ। ਇਸ ਦੀ ਸ਼ੁਰੂਆਤ ਤੁਕਬੰਦੀ ਤੋਂ ਕਰੋ, ਛੋਟੇ-ਛੋਟੇ ਸਲੋਗਨਾਂ ਤੋਂ ਕਰੋ। ਜਮਾਤ ਵਿੱਚ ਵਿਦਿਆਰਥੀਆਂ ਦੀਆਂ ਰਚਨਾਵਾਂ ਦਾ ਵਾਚਨ ਕਰਵਾ ਕੇ ਪੂਰੀ ਜਮਾਤ ਵਿਚੋਂ ਰਾਇ ਪ੍ਰਾਪਤ ਕੀਤੀ ਜਾ ਸਕਦੀ ਹੈ. ਜੇ ਉਹਨਾਂ ਦੀ ਰਚਨਾ ਵਿੱਚ ਹਿੰਦੀ ਭਾਸ਼ਾ ਦੇ ਸ਼ਬਦ ਹਨ ਤਾਂ ਬਹੁਤ ਹੀ ਸਾਵਧਾਨੀ ਨਾਲ, ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦਿੰਦੇ ਹੋਏ ਪੰਜਾਬੀ ਸ਼ਬਦ ਲਿਖਵਾਓ। ਬੱਚੇ ਉਤਸ਼ਾਹਿਤ ਹੋਣਗੇ। ਜੇਕਰ ਤੁਸੀਂ ਉਹਨਾਂ ਅੰਦਰ ਇਸ ਰੁਚੀ ਨੂੰ ਉਜਾਗਰ ਕਰ ਨਾਲੋਂ ਭਾਵ ਲਿਖਣ ਦੀ ਪਿਰਤ ਪਾ ਸਕੋ ਤਾਂ ਸਕੂਲ ਦੀ ਸਲਾਨਾ ਪੱਤ੍ਰਿਕਾ ਲਈ ਮੌਲਿਕ ਰਚਨਾਵਾਂ ਦਾ ਭੰਡਾਰ ਇਕੱਠਾ ਹੋ ਜਾਵੇਗਾ।

ਇਸ ਤਰ੍ਹਾਂ ਵੱਖ-ਵੱਖ ਤਕਨੀਕਾਂ ਅਤੇ ਵਿਧੀਆਂ ਰਾਹੀਂ ਅਧਿਆਪਕ ਕਵਿਤਾ ਨੂੰ ਸੁਚੱਜੇ ਢੰਗ ਨਾਲ ਨਿਭਾ ਸਕਦਾ ਹੈ ਅਤੇ ਵਿਦਿਆਰਥੀਆਂ ਤੱਕ ਆਪਣੀ ਯੋਗ ਪਹੁੰਚ ਰਾਹੀਂ ਕਵੀ ਦਾ ਸੰਦੇਸ਼ ਪਹੁੰਚਾ ਸਕਦਾ ਹੈ।

# ਪਾਠ-ਪੁਸਤਕ ਅਧਾਰਿਤ ਬਹੁ-ਵਿਕਲਪੀ ਪ੍ਰਸ਼ਨ ਅਤੇ ਇਕ ਸ਼ਬਦ/ਵਾਕ ਵਾਲੇ ਪ੍ਰਸ਼ਨ

ਸਿਖਲਾਈ ਪ੍ਰਕਿਰਿਆ ਵਿੱਚ ਮੁਲਾਂਕਣ ਕਾਰਜ ਵਿੱਚ ਅਧਿਆਪਕ ਕੋਲ ਇਕ ਬਹੁਤ ਵਧੀਆ ਅਤੇ ਉੱਤਮ ਸੰਦ 'ਪ੍ਰਸ਼ਨ' ਹਨ। ਇਹ ਦੂਹਰੇ ਕਾਰਜ ਦੀ ਪੂਰਤੀ ਕਰਦੇ ਹਨ। ਇਕ ਤਾਂ ਪ੍ਰਸ਼ਨਾਂ ਦੇ ਮਾਧਿਅਮ ਰਾਹੀਂ ਅਧਿਆਪਕ ਵਿਦਿਆਰਥੀਆਂ ਦੀ ਸੂਝ-ਬੂਝ ਅਤੇ ਸਮਝ ਦਾ ਅੰਦਾਜ਼ਾ ਲਾ ਸਕਦਾ ਹੈ ਨਾਲ ਹੀ ਉਸ ਦੇ ਖੱਪੇ ਅਤੇ ਕਮੀਆਂ ਬਾਰੇ ਵੀ ਜਾਣੂ ਹੋ ਜਾਂਦਾ ਹੈ।

'ਪ੍ਰਸ਼ਨ' ਵਿਦਿਆਰਥੀ ਅਤੇ ਅਧਿਆਪਕ ਵਿਚਕਾਰ ਹੋਣ ਵਾਲੀ ਮੁੱਢਲੀ ਗੱਲਬਾਤ ਦਾ ਮੂਲ ਧੁਰਾ ਹੈ। ਪ੍ਰਸ਼ਨ ਪਾਠ ਦੀ ਭੂਮਿਕਾ ਬਣਾਉਣ ਵੇਲੇ, ਮੁਲਾਂਕਣ ਵੇਲੇ, ਅੰਤ ਤੇ ਗਿਆਨ ਦੀ ਪਰਖ ਲਈ ਕਈ ਪੜ੍ਹਾਵਾਂ ਤੇ ਪੁੱਛੇ ਜਾਂਦੇ ਹਨ। ਪ੍ਰਸ਼ਨਾਂ ਦੀ ਬਹੁਤੀ ਵੰਨਗੀ ਯਾਦ ਅਧਾਰਿਤ ਅਤੇ ਤੱਥ ਅਧਾਰਿਤ ਹੁੰਦੀ ਹੈ। ਇਹਨਾਂ ਨੂੰ ਅਸੀਂ ਨਿਚਲੇ ਕ੍ਰਮ ਕੌਸ਼ਲ ਅਧਾਰਿਤ ਪ੍ਰਸ਼ਨ ਵੀ ਕਹਿ ਸਕਦੇ ਹਾਂ। ਅਜਿਹਾ ਇਸ ਲਈ ਕਿਉਂਕਿ ਇਹ ਸਭ ਤੋਂ ਮੂਲ ਭੂਤ ਅਧਾਰ ਸਵਾਲ ਹੁੰਦੇ ਹਨ। ਅੱਗੇ ਇਹ ਪ੍ਰਸ਼ਨ ਹੀ ਵਿਦਿਆਰਥੀਆਂ ਨੂੰ ਵਿਸ਼ਲੇਸ਼ਣਾਤਮਕ, ਰਚਨਾਤਮਕ, ਸਿਰਜਨਾਤਮਕ, ਤੁਲਨਾਤਮਕ ਤੇ ਭਾਵਾਤਮਕ, ਮੌਲਿਕ ਅਭਿਵਿਅਕਤੀ ਕਰਨ ਵਿੱਚ ਸਹਾਇਤਾ ਕਰਦੇ ਹਨ।

ਜਦੋਂ ਕੋਈ ਅਧਿਆਪਕ ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਦਾ ਹੈ ਤਾਂ ਉਸ ਦੇ ਕੁੱਝ ਗੁੱਝੇ ਮਨੋਰਥ ਹੁੰਦੇ ਹਨ। ਇਹਨਾਂ ਵਿਚੋਂ ਕੁਝ ਹੇਠ ਲਿਖਤ ਮੰਤਵ ਹੋ ਸਕਦੇ ਹਨ-

(ੳ) ਵਿਦਿਆਰਥੀ ਦੀ ਵਿਸ਼ੇ ਸੰਬੰਧੀ ਫੌਰੀ ਸਮਝ ਜਾਂ ਗਹੁ ਨਾਲ ਸੁਣਿਆ/ਸਮਝਿਆ ਗਿਆ ਹੈ ਜਾਂ ਨਹੀਂ, ਇਸ ਬਾਰੇ ਫੀਡਬੈਕ ਮਿਲਦਾ ਹੈ।

(ਅ) ਜ਼ਰੂਰੀ ਵਿਸ਼ਿਆਂ ਬਾਰੇ ਵਿਦਿਆਰਥੀਆਂ ਦਾ ਧਿਆਨ ਕੇਂਦਰਿਤ ਕਰਨਾ।

(ੲ) ਵਿਦਿਆਰਥੀ ਵੀ ਆਪਣੀ ਸਮਝ ਨੂੰ ਪਰਖ ਸਕਦੇ ਹਨ।

(ਸ) ਵਿਸ਼ੇ ਦੀ ਗਹਿਰੀ ਸਮਝ ਬਾਰੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ।

(ਹ) ਅੱਗੋਂ ਦੀ ਪਾਠ-ਵਿਉਂਤ ਬਾਰੇ ਵੀ ਅਧਿਆਪਕ ਨੂੰ ਸੇਧ ਮਿਲਦੀ ਹੈ। ਇਸ ਦੇ ਅਧਾਰ ਤੇ ਵਿਦਿਆਰਥੀ ਦੀ ਜ਼ਰੂਰਤ ਅਨੁਸਾਰ ਅੱਗੇ ਦੀ ਪਾਠ ਵਿਉਂਤ ਦੀ ਵਿਧੀ ਦੀ ਯੋਜਨਾ ਵੀ ਬਣਾਈ ਜਾ ਸਕਦੀ ਹੈ।

(ਕ) ਵਿਦਿਆਰਥੀਆਂ ਵਿੱਚ ਪਾਠ ਸੰਬੰਧੀ ਰੌਚਕਤਾ ਵਧਾਉਣ ਵਿੱਚ ਮਦਦਗਾਰ ਹੁੰਦੇ ਹਨ।

'ਪ੍ਰਸ਼ਨਾਂ' ਬਾਰੇ ਗੱਲ ਕਰਦਿਆਂ ਅਮਰੀਕੀ ਭਾਸ਼ਾ-ਵਿਗਿਆਨੀ 'ਲਿਊਨਾਰਡ ਬਲੂਮਫੀਲਡ' ਜਿਨ੍ਹਾਂ ਨੇ 1930-40 ਵਿੱਚ ਸੰਰਚਨਾਤਮਕ ਭਾਸ਼ਾ-ਵਿਗਿਆਨ ਬਾਰੇ ਚਰਚਾ ਕੀਤੀ, ਉਨ੍ਹਾਂ ਦਾ ਇਥੇ ਜ਼ਿਕਰ ਹੋਣਾ ਲਾਜ਼ਮੀ ਹੈ ਕਿਉਂਕਿ ਉਨ੍ਹਾਂ ਨੇ ਪ੍ਰਸ਼ਨਾਂ ਦੀ ਸਮਝ ਬਾਰੇ ਇਕ ਚਾਰਟ ਪੇਸ਼ ਕੀਤਾ। ਸਾਡੀ ਚਰਚਾ ਵੀ ਉਸ ਦੇ ਆਲੇ-ਦੁਆਲੇ ਹੀ ਘੁੰਮਦੀ ਹੈ। ਪ੍ਰਸ਼ਨਾਂ ਸੰਬੰਧੀ ਉਹ ਹੇਠਲਾ ਵੇਰਵਾ ਦਿੰਦੇ ਹਨ-




ਇਸ ਚਿੱਤਰ ਦੇ ਅਧਾਰ ਤੇ ਇਹੋ ਗੱਲ ਦ੍ਰਿੜ ਹੁੰਦੀ ਹੈ ਕਿ ਵਿਦਿਆਰਥੀਆਂ ਦੇ ਨਿਚਲੇ ਕ੍ਰਮ-ਕੌਸ਼ਲ ਹੀ ਉੱਪਰਲੇ ਪੱਧਰ ਦੇ ਸਵਾਲ ਹੱਲ ਕਰਨ ਦੀ ਕਾਬਲੀਅਤ ਨੂੰ ਮਜ਼ਬੂਤ ਕਰਦੇ ਹਨ। ਇਸ ਪਰਚੇ ਦੇ ਵਿਚਾਰਾਧੀਨ ਸਾਡਾ ਸਰੋਕਾਰ ਸਭ ਤੋਂ ਲਘੂਤਮ ਇਕਾਈ ਯਾਦ ਸ਼ਕਤੀ ਅਧਾਰਿਤ ਪ੍ਰਸ਼ਨਾਂ ਉੱਪਰ ਹੀ ਹੈ। ਇਹ ਪ੍ਰਸ਼ਨ ਵਿਦਿਆਰਥੀਆਂ ਦੀ ਯਾਦ ਸ਼ਕਤੀ, ਸੂਝ-ਬੂਝ ਤੇ ਤੱਥ ਅਧਾਰਿਤ ਪ੍ਰਸ਼ਨ ਹੁੰਦੇ ਹਨ। ਇਹ ਪ੍ਰਸ਼ਨ ਵਿਦਿਆਰਥੀ ਬਹੁਤ ਹੀ ਸਹਿਜ ਰੂਪ ਵਿਚ ਜਮਾਤ ਅੰਦਰ ਸਿੱਖ ਜਾਂਦੇ ਹਨ। ਇਨ੍ਹਾਂ ਪ੍ਰਸ਼ਨਾਂ ਦਾ ਸਰੋਕਾਰ ਜ਼ਿਆਦਾਤਰ 'ਕੀ, ਕਿੱਥੇ, ਕਦੋਂ, ਕਿਸ ਤਰ੍ਹਾਂ, ਕਿਸ ਨੇ ਅਤੇ ਕਿਉਂ' ਵਰਗੇ ਸ਼ਬਦਾਂ ਨਾਲ ਚਿਹਨਤ ਹੁੰਦਾ ਹੈ।

ਨਵੇਂ ਪਾਠ-ਕ੍ਰਮ ਦੇ ਅਧਾਰ ਤੇ ਨਿਰਧਾਰਿਤ ਪਾਠ-ਪੁਸਤਕਾਂ ਵਿਚੋਂ ਨੌਵੀਂ ਅਤੇ ਦਸਵੀਂ ਜਮਾਤ ਵਿੱਚ ਬਹੁ-ਵਿਕਲਪੀ ਅਤੇ ਇਕ ਸ਼ਬਦ/ਵਾਕ ਵਾਲੇ ਪ੍ਰਸ਼ਨ ਸ਼ਾਮਲ ਕੀਤੇ ਗਏ ਹਨ। ਇਹ ਦੋ ਵੱਖ-ਵੱਖ ਪ੍ਰਸ਼ਨਾਂ ਦੀਆਂ ਵੰਨਗੀਆਂ ਹੈ। ਬਹੁ-ਵਿਕਲਪੀ ਪ੍ਰਸ਼ਨਾਂ ਵਿੱਚ ਵਿਦਿਆਰਥੀਆਂ ਨੂੰ ਚਾਰ ਵਿਕਲਪਾਂ ਵਿਚੋਂ ਇੱਕ ਵਿਕਲਪ ਚੁਣਨਾ ਹੁੰਦਾ ਹੈ। ਇਕ ਸ਼ਬਦ/ਵਾਕ ਵਾਲੇ ਪ੍ਰਸ਼ਨਾਂ ਵਿਚ ਵਿਦਿਆਰਥੀ ਆਪਣੀ ਸੂਝ-ਅਨੁਸਾਰ ਜਵਾਬ ਦੇਣਗੇ।

ਨੌਵੀਂ ਤੇ ਦਸਵੀਂ ਜਮਾਤ ਵਿੱਚ ਬਹੁ-ਵਿਕਲਪੀ ਪ੍ਰਸ਼ਨ ਕਹਾਣੀ ਅਤੇ ਵਾਰਤਕ ਭਾਗ ਵਿਚੋਂ ਆਉਣਗੇ। ਇਕ ਸ਼ਬਦ ਜਾਂ ਵਾਕ ਵਾਲੇ ਪ੍ਰਸ਼ਨ ਕਵਿਤਾ ਅਤੇ ਇਕਾਂਗੀ ਭਾਗ ਵਿਚੋਂ ਆਉਣਗੇ। ਜਮਾਤ ਅਨੁਸਾਰ ਇਹਨਾਂ ਪ੍ਰਸ਼ਨਾਂ ਦੀ ਵੰਨਗੀ ਇਸ ਪ੍ਰਕਾਰ ਹੈ-

## 1. ਬਹੁ-ਵਿਕਲਪੀ ਪ੍ਰਸ਼ਨ

1. ਸੱਦਾ ਸਿੰਘ ਕਿਹੋ ਜਿਹੇ ਸੁਭਾਅ ਦਾ ਵਿਅਕਤੀ ਸੀ?
   (ੳ) ਸਧਾਰਨ (ਅ) ਅੱਖੜ (ੲ) ਨਰਮ (ਸ) ਨਰਮ ਤੇ ਮਿੱਠਾ
2. ਜਿਉਣੇ ਨੇ ਕਿਸ ਖੇਤੀ ਦੇ ਸੰਦ ਨਾਲ ਸੱਦਾ ਸਿੰਘ ਦਾ ਕਤਲ ਕੀਤਾ?
   (ੳ) ਕੁਹਾੜਾ (ਅ) ਹਲ (ੲ) ਕਹੀ (ਸ) ਖੁਰਪੀ
3. ਕਹਾਣੀ 'ਇਕ ਸਧਾਰਨ ਆਦਮੀ' ਵਿੱਚ ਖਲਨਾਇਕ ਦੀ ਭੂਮਿਕਾ ਕਿਹੜਾ ਪਾਤਰ ਨਿਭਾ ਰਿਹਾ ਹੈ?
   (ੳ) ਸੱਦਾ ਸਿੰਘ (ਅ) ਜਿਉਣਾ (ੲ) ਬਚਨ ਸਿੰਘ (ਸ) ਇਨ੍ਹਾਂ ਵਿਚੋਂ ਕੋਈ ਨਹੀਂ
4. ਕਹਾਣੀ 'ਪ੍ਰਦੇਸ਼ ਨਾ ਤੂੰ ਤੋਰੀ ਬਾਬਲਾ' ਵਿੱਚ ਰਾਣੀ ਪਾਤਰ ਦੇ ਵਿਆਹ ਦੀ ਗੱਲ ਕਿਹੜੇ ਦੇਸ਼ ਤੋਂ ਆਏ ਪਾਤਰ ਨਾਲ ਚੱਲੀ?
   (ੳ) ਅਮਰੀਕਾ (ਅ) ਕਨੇਡਾ (ੲ) ਜਪਾਨ (ਸ) ਕੋਰੀਆ

5. ਰਾਣੀ ਦੇ ਅਣਜੋੜ ਵਿਆਹ ਨਾ ਕਰਵਾਉਣ ਬਾਰੇ ਪਿਤਾ ਨੂੰ ਸਮਝਾਉਣ ਲਈ ਕਿਸ ਨੇ ਉਸਦੀ ਮਦਦ ਕੀਤੀ?
(ੳ) ਮਾਂ (ਅ) ਭਰਾ (ੲ) ਰਿਸ਼ਤੇਦਾਰ (ਸ) ਸਹੇਲੀਆਂ
6. ਕਹਾਣੀ 'ਦੁੱਧ ਤੇ ਪੁੱਤ' ਵਿੱਚ ਬਾਬੇ ਬਾਰੂ ਦੇ ਕਿੰਨੇ ਪੁੱਤ ਸਨ?
(ੳ) ਤਿੰਨ (ਅ) ਚਾਰ (ੲ) ਪੰਜ (ਸ) ਸੱਤ
7. ਬਾਬੇ ਬਾਰੂ ਦਾ ਕਿਹੜਾ ਪੁੱਤਰ ਸ਼ਰਾਬੀ ਸੀ?
(ੳ) ਪ੍ਰੀਤੂ (ਅ) ਬੰਤ (ੲ) ਤ੍ਰਿਲੋਕਾ (ਸ) ਦਿਆਲਾ
8. ਬਾਬੇ ਬਾਰੂ ਦਾ ਕਿਹੜਾ ਪੁੱਤਰ ਬਾਹਰਲੇ ਦੇਸ਼ ਰਹਿੰਦਾ ਸੀ?
(ੳ) ਦਿਆਲਾ (ਅ) ਕਰਤਾਰਾ (ੲ) ਬੰਤ (ਸ) ਇਨ੍ਹਾਂ ਵਿਚੋਂ ਕੋਈ ਨਹੀਂ
9. ਬਾਬੇ ਬਾਰੂ ਦੀ ਸਭ ਤੋਂ ਵੱਧ ਸੇਵਾ ਕਿਸ ਦੀ ਵਹੁਟੀ ਕਰਦੀ ਸੀ?
(ੳ) ਪ੍ਰੀਤੂ ਦੀ (ਅ) ਬਾਹਰਲੇ ਦੇਸ਼ ਵਾਲੇ ਦੀ (ੲ) ਦਿਆਲੇ ਦੀ (ਸ) ਕਰਤਾਰੇ ਦੀ
10. 'ਕਬੱਡੀ' ਦੀ ਖੇਡ ਵਿੱਚ ਕਿੰਨੇ ਖਿਡਾਰੀ ਹੁੰਦੇ ਹਨ?
(ੳ) ਗਿਆਰਾਂ (ਅ) ਚੌਦਾਂ (ੲ) ਪੰਜ (ਸ) ਬਾਰਾਂ
11. ਕਿਸ ਸਟਾਇਲ ਦੀ ਕਬੱਡੀ ਵਿੱਚ ਦਾਇਰਾ ਨਹੀਂ ਹੁੰਦਾ?
(ੳ) ਲਾਹੌਰੀ (ਅ) ਪੰਜਾਬ ਸਟਾਇਲ (ੲ) ਅੰਬਰਸਰੀ (ਸ) ਕੌਡੀ
12. 2018 ਦੀ ਕਬੱਡੀ ਟੀਮ ਦੇ ਕਪਤਾਨ ਦਾ ਨਾਂ ਦੱਸੋ?
(ੳ) ਅਜੈ ਠਾਕੁਰ (ਅ) ਸੁਲਤਾਨ ਸ਼ਾਹ (ੲ) ਕਿਰਪਾਲ ਸਿੰਘ ਸਾਧ (ਸ) ਤਾਰਾ ਸਿੰਘ
13. ਗੱਪਬਾਜ਼ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ?
(ੳ) ਚਾਰਲੀ ਚੈਪਲਿਨ (ਅ) ਸ਼ੇਖ਼ ਚਿੱਲੀ (ੲ) ਸਟਾਲੀਨ (ਸ) ਕਪਿਲ ਸ਼ਰਮਾ
14. ਗੱਪਬਾਜ਼ ਦੀ ਪਤਨੀ ਅਨੁਸਾਰ ਵਿਆਹ ਵੇਲੇ ਉਸ਼ ਨੂੰ ਕਿੰਨੇ ਤੋਲੇ ਸੋਨੇ ਮਿਲਿਆ?
(ੳ) ਪੰਜਾਹ ਤੋਲੇ (ਅ) ਪੰਜ ਸੌ (ੲ) ਪੰਜ ਹਜ਼ਾਰ (ਸ) ਪੰਜਾਹ ਹਜ਼ਾਰ
15. 'ਸਵੈ-ਰੱਖਿਆ' ਪਾਠ ਅਨੁਸਾਰ ਹੱਥੋਂ-ਹੱਥ ਲੜਾਈ ਵਿੱਚ ਕਿਹੜਾ ਸੰਦ ਇਸਤੇਮਾਲ ਨਹੀਂ ਹੁੰਦਾ?
(ੳ) ਡੰਡਾ (ਅ) ਬਾਰੂਦ (ੲ) ਤਲਵਾਰ (ਸ) ਇਹਨਾਂ ਵਿਚੋਂ ਕੋਈ ਨਹੀਂ
16. 'ਕਰਾਟੇ' ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ?
(ੳ) ਲਾਤੀਨੀ (ਅ) ਸੰਸਕ੍ਰਿਤ (ੲ) ਜਪਾਨੀ (ਸ) ਅੰਗਰੇਜ਼ੀ
17. 'ਪੰਜਾਬੀ ਵਿਰਸਾ' ਪਾਠ ਅਨੁਸਾਰ 'ਜੰਡ' ਕੀ ਹੈ?
(ੳ) ਸਾਗ ਦੀ ਕਿਸਮ (ਅ) ਗਹਿਣਾ (ੲ) ਰੁੱਖ (ਸ) ਗੀਤ
18. 'ਸਰ੍ਹੋਂ ਦਾ ਸਾਗ' ਵਿੱਚ ਆਟਾ ਮਿਲਾਉਣ ਦੀ ਪ੍ਰਕਿਰਿਆ ਨੂੰ ਕੀ ਕਿਹਾ ਜਾਂਦਾ ਹੈ?
(ੳ) ਆਲ੍ਹਣ ਪਾਉਣਾ (ਅ) ਆਲ੍ਹਣਾ ਪਾਉਣਾ (ੲ) ਤੜਕਾ ਲਗਾਉਣਾ
(ਸ) ਤੌੜੀ ਵਿੱਚ ਪਕਾਉਣਾ

## 2. ਇੱਕ ਸ਼ਬਦ ਵਾਲੇ ਪ੍ਰਸ਼ਨ-ਉੱਤਰ

(1) ਫਰੀਦ ਜੀ ਮਨੁੱਖ ਨੂੰ ਕਿਹੜੇ ਨੈਤਿਕ ਗੁਣਾਂ ਨਾਲ ਜੋੜਦੇ ਹਨ?
(2) ਫਰੀਦ ਜੀ 'ਬਿਰਹਾ' ਤੋਂ ਬਿਨਾਂ ਸਰੀਰ ਦੀ ਤੁਲਨਾ ਕਿਸ ਨਾਲ ਕਰਦੇ ਹਨ?

(3) ਸ਼ਬਦ 'ਸਿੰਮਲ ਰੁਖੁ.....' ਅਨੁਸਾਰ ਜੋ ਵਿਅਕਤੀ ਸਿੰਮਲ ਰੁੱਖ ਕੋਲ ਆਸ ਨਾਲ ਆਉਂਦਾ ਹੈ, ਨਿਰਾਸ਼ ਕਿਉਂ ਜਾਂਦਾ ਹੈ?

(4) ਸਬਦ 'ਸਿੰਮਲ........' ਦਾ ਸਰੋਕਾਰ ਕਿਸ ਮਾਨਵੀ ਗੁਣ ਨਾਲ ਹੈ।

ਜਾਂ

ਇਸ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਕੀ ਉਪਦੇਸ਼ ਦੇ ਰਹੇ ਹਨ।

(5) 'ਸਮੇਂ' ਦੀ ਬਿਰਤੀ ਕਿਹੋ ਜਿਹੀ ਹੈ?

(6) ਭਾਈ ਵੀਰ ਸਿੰਘ ਦੀ ਕਿਹੜੀ ਰਚਨਾ ਨੂੰ ਪਾਠ-ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ?

(7) 'ਮਾਂ-ਬੋਲੀ' ਤੋਂ ਕੀ ਭਾਵ ਹੈ?

(8) ਬੋਲੀ ਦਾ ਮੁੱਖ ਕਾਰਜ ਕੀ ਹੈ?

(9) ਕਵਿਤਾ 'ਮੈਂ ਪੰਜਾਬੀ......' ਵਿੱਚ ਕਵੀ ਕਿਹੜੇ ਪੂਰਵਕਾਲੀ ਕਵੀਆਂ ਤੋਂ ਮਾਰਗ ਦਰਸ਼ਨ ਲੈਂਦਾ ਹੈ?

ਜਾਂ

'ਫ਼ੀਰੋਜ਼ਦੀਨ ਸ਼ਰਫ਼' ਕਿਹੜੇ ਮੱਧਕਾਲੀਨ ਕਵੀਆਂ ਦਾ ਜ਼ਿਕਰ ਆਪਣੀ ਕਵਿਤਾ ਵਿੱਚ ਕਰਦਾ ਹੈ?

(10) ਮਨੁੱਖ ਦੇ ਜੀਵਨ ਵਿੱਚ ਰੁੱਖਾਂ ਦੀ ਕੀ ਅਹਿਮੀਅਤ ਹੈ?

(11) ਸਾਹਿਤਕ-ਕਿਰਨਾਂ ਵਿੱਚ ਸ਼ਾਮਲ ਕਵਿਤਾਵਾਂ ਵਿਚੋਂ ਕਿਸੇ ਦੋ ਦੀਆਂ ਕਾਵਿਕ-ਵੰਨਗੀਆਂ ਦਾ ਨਾਂ ਲਿਖੋ?

(12) 'ਕਿਰਤ ਦਾ ਸਤਿਕਾਰ' ਦੇ ਮੁੱਖ ਪਾਤਰ ਦਾ ਨਾਂ ਦੱਸੋ?

(13) 'ਕਿਸ਼ਨ' ਪਾਤਰ ਨੇ ਬੂਟ-ਪਾਲਸ਼ ਕਰਨ ਦੇ ਸੇਠ ਕੋਲੋਂ ਕਿੰਨੇ ਪੈਸੇ ਮੰਗੇ?

(14) ਸੇਠ ਦੇ ਮੁਨਸ਼ੀ ਦਾ ਕੀ ਨਾਂ ਸੀ?

(15) ਕਿਸ਼ਨ ਕਿਹੜੀ ਜਮਾਤ ਦਾ ਵਿਦਿਆਰਥੀ ਸੀ?

(16) ਕਿਸ਼ਨ ਨੂੰ ਇਸਤਰੀ ਨੇ ਪਾਲਸ਼ ਕਰਨ ਦੇ ਕਿੰਨੇ ਪੈਸੇ ਦਿੱਤੇ?

## ਦਸਵੀਂ ਜਮਾਤ

### 1. ਬਹੁ-ਵਿਕਲਪੀ ਪ੍ਰਸ਼ਨ

1. 'ਮੈਂ ਕਿਸੇ ਤੋਂ ਘੱਟ ਨਹੀਂ' ਕਹਾਣੀ ਦੀ ਪਾਤਰ 'ਰਜਨੀ' ਕਿਸ ਬੀਮਾਰੀ ਦਾ ਸ਼ਿਕਾਰ ਸੀ?
   (ੳ) ਪੋਲੀਓ (ਅ) ਹੈਜ਼ਾ (ੲ) ਡੇਂਗੂ (ਸ) ਅਧਰੰਗ
2. ਰਜਨੀ ਨੂੰ ਸਕੂਲ ਦੇ ਕਿਸ ਸਮਾਗਮ ਵਿੱਚ ਬਹਾਦਰੀ ਲਈ ਸਨਮਾਨ ਮਿਲਿਆ?
   (ੳ) ਸੁਤੰਤਰਤਾ ਦਿਵਸ ਸਮਾਰੋਹ (ਅ) ਵਿਦਿਆਰਥੀ ਦਿਵਸ (ੲ) ਅਧਿਆਪਕ ਦਿਵਸ
   (ਸ) ਸਲਾਨਾ ਸਮਾਰੋਹ
3. ਮੀਨਾਕਸ਼ੀ ਦੁਰਘਟਨਾ ਦਾ ਸ਼ਿਕਾਰ ਕਿਸ ਵਾਹਨ ਨਾਲ ਟੱਕਰ ਖਾ ਕੇ ਹੋਈ?
   (ੳ) ਕਾਰ (ਅ) ਸਕੂਟਰ (ੲ) ਮੋਟਰਸਾਈਕਲ (ਸ) ਜੀਪ
4. ਮੀਨਾਕਸ਼ੀ ਦੀ ਮੰਮੀ ਦਾ ਕੀ ਨਾਂ ਸੀ?

(ੳ) ਪੂਨਮ (ਅ) ਨਿਸ਼ਾ (ੲ) ਅਰਚਨਾ (ਸ) ਵੰਦਨਾ

5. ਵੰਦਨਾ ਨੂੰ ਕਿਸ ਨਾਲ ਬਹੁਤ ਪਿਆਰ ਸੀ?

(ੳ) ਗੀਤਾਂ ਨਾਲ (ਅ) ਫੁੱਲ-ਬੂਟਿਆਂ ਨਾਲ (ੲ) ਬੱਚਿਆਂ ਨਾਲ (ਸ) ਸਹੇਲੀਆਂ ਨਾਲ

6. ਵੰਦਨਾ ਆਪਣੇ ਘਰ ਕਿੰਨੇ ਲੀਟਰ ਦੀ ਟੈਂਕੀ ਲਗਵਾਉਣਾ ਚਾਹੁੰਦੀ ਸੀ?

(ੳ) ਪੰਜ ਸੌ (ਅ) ਇੱਕ ਹਜ਼ਾਰ (ੲ) ਦੋ ਹਜ਼ਾਰ (ਸ) ਤਿੰਨ ਹਜ਼ਾਰ

7. ਨਿਰੋਗ ਤੇ ਸਿਹਤਮੰਦ ਰਹਿਣ ਲਈ ਕਿਸ ਚੀਜ਼ ਦੀ ਲੋੜ ਨਹੀਂ ਹੁੰਦੀ?

(ੳ) ਕਸਰਤ (ਅ) ਸੈਰ (ੲ) ਚਾਹ (ਸ) ਯੋਗਾ

8. ਸਰੀਰ ਵਿੱਚ ਲੋੜੀਂਦੀ ਫੁਰਤੀ ਨਾ ਹੋਣ ਦਾ ਕੀ ਕਾਰਨ ਹੈ?

(ੳ) ਜਲਦੀ ਉੱਠਣਾ (ਅ) ਚਾਹ ਨਾ ਪੀਣਾ (ੲ) ਦੇਰ ਨਾਲ ਸੌਣਾ (ਸ) ਕਸਰਤ ਕਰਨਾ

9. 'ਪੱਛੋਂ ਦੀਆਂ ਪੈਣ ਕਣੀਆਂ' ਵਿੱਚ ਕੁੜੀਆਂ ਟਰੈਕਿੰਗ ਲਈ ਕਿੱਥੇ ਗਈਆਂ?

(ੳ) ਰਿਸ਼ੀਕੇਸ਼ (ਅ) ਹਿਮਾਲਿਆ (ੲ) ਸੋਲਾਂਗ ਨਾਲ (ਸ) ਸ਼ਿਮਲਾ ਪਹਾੜੀ

## 2. ਇੱਕ ਸ਼ਬਦ/ਵਾਕ ਵਾਲੇ ਪ੍ਰਸ਼ਨ

(1) ਸ਼ਬਦ 'ਗਉੜੀ.....' ਵਿੱਚ ਗਉੜੀ ਤੇ ਮ. ੩ ਤੋਂ ਕੀ ਭਾਵ ਹੈ?

(2) ਮਨਮੁਖ ਦਾ ਵਿਰੋਧੀ ਸ਼ਬਦ ਕੀ ਹੈ?

(3) ਕਿਹੜੇ ਮੁਖ ਦੋਸ਼ ਹਨ, ਜੋ ਮਨੁੱਖੀ ਪਤਨ ਦਾ ਕਾਰਨ ਬਣਦੇ ਹਨ?

(4) 'ਗੁੰਮ ਨੇ ਰਸੋਈ.....' ਕਵਿਤਾ ਵਿੱਚ ਆਏ ਰਸੋਈ ਦੇ ਦੋ ਭਾਂਡਿਆਂ ਦੇ ਨਾਂ ਦੱਸੋ?

(5) 'ਚਰਖਾ' ਕਿਸ ਕੰਮ ਆਉਂਦਾ ਹੈ?

(6) ਪੰਜ ਦਰਿਆਵਾਂ ਦੇ ਨਾਂ ਲਿਖੋ?

ਜਾਂ

ਪੰਜਾਬ ਦਾ ਨਾਂ ਕਿਹੜੇ ਪੰਜ ਦਰਿਆਵਾਂ ਦੇ ਨਾਂ 'ਤੇ ਪਿਆ?

(7) ਦਸਵੇਂ ਗੁਰੂ ਦਾ ਨਾਂ ਦੱਸੋ?

(8) ਦਸਵੇਂ ਗੁਰੂ ਨੇ ਕਿਸ ਪੰਥ ਦੀ ਸਥਾਪਨਾ ਕੀਤੀ?

(9) ਦਸਵੰਧ ਤੋਂ ਕੀ ਭਾਵ ਹੈ?

(10) ਇਕਾਂਗੀ ਵਿੱਚ ਦੋਵੇਂ ਜੁਆਰੀਏ ਕਿਸ ਥਾਂ ਤੋਂ ਆਏ ਸਨ?

(11) ਇਕਾਂਗੀ ਵਿੱਚ ਕਿਹੜੀਆਂ ਦੋ ਸਮਾਜਕ ਬੁਰਾਈਆਂ ਬਾਰੇ ਚਰਚਾ ਕੀਤੀ ਗਈ ਹੈ?

(12) 'ਬੇਬੇ ਰਾਮ ਭਜਨੀ' ਦੇ ਪਤੀ ਦਾ ਕੀ ਨਾਂ ਸੀ?

ਇਸ ਤਰ੍ਹਾਂ ਅਸੀਂ ਦੋਵੇਂ ਜਮਾਤਾਂ ਵਿੱਚ ਪੁੱਛੇ ਜਾ ਸਕਦੇ ਕੁਝ ਪ੍ਰਸ਼ਨਾਂ ਦੀ ਚਰਚਾ ਕੀਤੀ ਹੈ। ਅਧਿਆਪਕ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਤੇ ਲੋੜ ਅਨੁਸਾਰ ਪਾਠ-ਸਮੱਗਰੀ ਨੂੰ ਰੋਚਕ ਤੇ ਚੰਗਾ ਬਣਾਉਣ ਲਈ ਵੱਖ-ਵੱਖ ਪ੍ਰਸ਼ਨਾਂ ਦੀ ਵਰਤੋਂ ਕਰ ਸਕਦੇ ਹਨ।